
1920 ਤੋਂ

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਜਿਲਦ 105
ਨੰਬਰ 20

੧੬ ਮੱਘਰ ਤੋਂ ੧ ਪੋਹ ੨੦੮੨ ਬਿ.
1 to 15 December 2025

# ਸਤਿ ਜੁਗ



# ਤਖਤ ਪਟਨਾ ਸਾਹਿਬ ਦੇ ਦਰਸ਼ਨ ਦੀਦਾਰੇ



ਸਤਿਜੁਗ

੧੬ ਮੱਘਰ ਤੋਂ ੧ ਪੋਹ ੨੦੮੨ ਬਿ.
1 ਤੋਂ 15 ਦਸੰਬਰ 2025 ਈ.
ਜਿਲਦ 105, ਨੰਬਰ 20

ਸਲਾਹਕਾਰ ਮੈਂਬਰ

ਸੁਵਰਨ ਸਿੰਘ ਵਿਰਕ, ਸੰਤ ਨਿਸ਼ਾਨ ਸਿੰਘ,
ਹਰਪਾਲ ਸਿੰਘ ਸੇਵਕ, ਗੁਰਭੇਜ ਸਿੰਘ ਗੁਰਾਇਆ

ਸੰਪਾਦਕ: ਗੁਰਲਾਲ ਸਿੰਘ
Editor: Gurlal Singh

Co. Editor - Dr. Khleel Khan,
Gurbhagat Singh
ਸਹਿ ਸੰਪਾਦਕ: ਡਾ. ਖਲੀਲ ਖਾਨ,
ਗੁਰਭਗਤ ਸਿੰਘ

*Printed and Published by*
*Mr. Harvendra Singh Hanspal*
*on behalf of Namdhari Darbar.*
*Printed at Summit advertising press,*
*2DLF (Part), Moti Nagar, New Delhi*
*and Published from Namdhari Gurdwara,*
*Ramesh Nagar, New Delhi-110015.*
THE SATJUG
Namdhari Gurdwara
Ramesh Nagar, New Delhi-15
RNI No. 55658/93
LDM/008/2021-2023

***Designed and Typeset:***
ਤਰਨ ਬੱਲ
ਯੁਵਰਾਜ ਸਿੰਘ

ਪੱਤਰ ਵਿਹਾਰ ਦਾ ਪਤਾ :
ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ, ਪੰਜਾਬ-141126
ਫੋਨ : 97800-97898,
99147-02201
***Email- Satjug@sribhainisahib.com***

# ਤਤਕਰਾ

* ਸੰਪਾਦਕੀ....................................................4

* ਗੁਰਬਾਣੀ ਵਿਆਖਿਆ.........................................6

* ਗ਼ਦਰ ਲਹਿਰ ਦਾ ਕੂਕਾ ਸ਼ਹੀਦ- ਭਾਈ ਹਜਾਰਾ ਸਿੰਘ ਰਾਈਆਂ
ਸੁਵਰਨ ਸਿੰਘ ਵਿਰਕ..................................8

* 'ਕੂਕਾ ਕਾਰ' ਦੇ ਮਰਮ ਦੀ ਲੋਅਵਾਨ ਪ੍ਰਾਪਤੀ ਕੂਕਾ ਲਹਿਰ ਦੇ ਅਮਰ ਨਾਇਕ - I, II, III
ਸੁਮੇਲ ਸਿੰਘ ਸਿੱਧੂ....................................15

* ਸ੍ਰੀ ਗੁਰੂ ਤੇਗ਼ ਬਹਾਦਰ ਜੀ ਵਿਦਵਾਨਾਂ ਦੀ ਨਜ਼ਰ ਵਿਚ : ਜੀਵਨ ਤੇ ਸ਼ਹਾਦਤ
ਦੇਵਿੰਦਰ ਸਿੰਘ ਗਿੱਲ.................................22

* ਬੀਤੇ ਦੀਆਂ ਪੈੜਾਂ (ਅਣਛਪਿਆ ਭਾਗ)
ਸਵ. ਪ੍ਰੀਤਮ ਸਿੰਘ ਕਵੀ..............................26

* ਅੱਖੀਂ ਡਿੱਠਾ ਕਿੱਸਾ ਕੀਤਾ
ਸੰਪਾ: ਸੁਵਰਨ ਸਿੰਘ ਵਿਰਕ...........................29

* **MURDER OFBEEF BUTCHERS BY KUKAS**
**Dr. Gurdev Singh Sidhu........................................32**

* ਕਾਵਿ - ਕਿਆਰੀ.......................................................37

* ਖ਼ਬਰਨਾਮਾ....................................................38

ਨੋਟ- ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
ਸਤਜੁਗਿ ਸਚੁ ਕਹੈ ਸਭੁ ਕੋਈ॥
# ਸਤਜੁਗ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ

## ਸੰਪਾਦਕੀ

ਪਟਨਾ ਭਾਰਤ ਦੇ ਪਹਿਲੇ ਵਿਕਸਤ ਸ਼ਹਿਰਾਂ ਵਿੱਚੋਂ ਹੈ। ਇਸ ਦੀ ਤਾਰੀਖ ਸਦੀਆਂ ਪੁਰਾਣੀ ਹੈ। ਬੁੱਧ ਧਰਮ ਅਤੇ ਜੈਨ ਧਰਮ ਨਾਲ ਇਸ ਸ਼ਹਿਰ ਦਾ ਖਾਸ ਨਾਤਾ ਰਿਹਾ। 320 ਬੀ.ਸੀ. ਵਿਚ ਇਹ ਸ਼ਹਿਰ ਨੰਦ ਰਾਜਿਆਂ ਦੀ ਰਾਜਧਾਨੀ ਸੀ। ਮੋਰੀਆ ਰਾਜ ਸਮੇਂ ਭਾਰਤ ਆਇਆ ਮੈਗਸਥਨੀਜ ਇਸ ਨੂੰ 64 ਦਰਵਾਜਿਆਂ ਵਾਲਾ ਵਿਸ਼ਾਲ ਨਗਰ ਦੱਸਦਾ ਹੈ। ਚੀਨੀ ਯਾਤਰੀ ਹੀਨਯਾਨ ਤੇ ਫਾਹੀਯਾਨ ਵੀ ਇਸ ਸ਼ਹਿਰ ਦੀ ਵਿਸ਼ਾਲਤਾ, ਵਪਾਰਕ ਅਹਿਮੀਅਤ ਅਤੇ ਸੁੰਦਰਤਾ ਬਾਰੇ ਲਿਖਦੇ ਹਨ। ਇਹ ਸ਼ਹਿਰ ਕਲਾ, ਸਿੱਖਿਆ ਅਤੇ ਵਪਾਰ ਦਾ ਕੇਂਦਰ ਰਿਹਾ ਹੈ।

ਸਿੱਖ ਧਰਮ ਨਾਲ ਇਸ ਦਾ ਸਬੰਧ ਉਸ ਸਮੇਂ ਜੁੜਿਆ ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਪੂਰਬੀ ਭਾਰਤ ਦੀ ਉਦਾਸੀ ਸਮੇਂ (1504) ਇਥੇ ਆਏ। ਜੌਹਰੀ ਸਾਲਸ ਰਾਏ ਆਪ ਦਾ ਸੱਚਾ ਸ਼ਰਧਾਲੂ ਸਿੱਖ ਬਣ ਗਿਆ। ਗੁਰੂ ਜੀ ਇਥੇ ਚਾਰ ਮਹੀਨੇ ਰਹੇ। ਸਾਲ਼ਸ ਰਾਏ ਦਾ ਘਰ ਧਰਮਸ਼ਾਲਾ ਬਣ ਗਿਆ। ਬਹੁਤ ਸਾਰੀ ਸੰਗਤ ਇਸ ਧਰਮਸ਼ਾਲਾ ਵਿੱਚ ਜੁੜਣ ਲੱਗੀ। ਸਾਲਸ ਰਾਇ ਸੰਗਤ ਮੁੱਖੀ ਸਥਾਪਤ ਕੀਤਾ ਗਿਆ। ਗੁਰੂ ਨਾਨਕ ਪਾਤਸ਼ਾਹ ਤੋਂ ਬਾਅਦ ਭਾਵੇਂ ਨੌਵੇ ਗੁਰੂ ਤੱਕ ਇੱਥੇ ਕੋਈ ਗੁਰੂ ਸਾਹਿਬਾਨ ਨਹੀਂ ਆਇਆ ਪਰ ਇਹ ਸੰਗਤ ਗੁਰੂ ਘਰ ਨਾਲ ਜੁੜੀ ਰਹੀ। ਇਸਦਾ ਸਬੂਤ ਗੁਰੂ ਹਰਗੋਬਿੰਦ ਜੀ ਦੇ ਲਿਖੇ ਪਟਨੇ ਦੀ ਸੰਗਤ ਲਈ ਹੁਕਮਨਾਮੇ ਹਨ ਜੋ ਅੱਜ ਵੀ ਪਟਨੇ ਸਾਹਿਬ ਮੌਜੂਦ ਹਨ। ਇਨ੍ਹਾਂ

ਹੁਕਮਨਾਮਿਆਂ ਵਿੱਚੋਂ ਗੁਰੂ ਘਰ ਨਾਲ ਇੱਕ ਮਜ਼ਬੂਤ ਸੰਬੰਧ ਸਾਫ਼ ਨਜ਼ਰ ਆਉਂਦਾ ਹੈ। ਗੁਰੂ ਹਰਗੋਬਿੰਦ ਸਾਹਿਬ ਜੀ ਕਈ ਮੁੱਖੀ ਸਿੱਖਾਂ ਦੇ ਨਾਮ ਲਿਖਦੇ ਹਨ ਅਤੇ ਉਹਨਾਂ ਨੂੰ ਵਸਤੂਆਂ ਭੇਜਣ ਦੀ ਤਾਗੀਦ ਕਰਦੇ ਹਨ ਅਤੇ ਗੁਰੂ ਮਰਿਯਾਦਾ ਵਿੱਚ ਜੀਵਨ ਬਤੀਤ ਕਰਨ ਅਤੇ ਮਾਸ ਮੱਛੀ ਖਾਣ ਤੋਂ ਵਰਜਦੇ ਹਨ। ਸਤਿਗੁਰੂ ਜੀ ਦੇ ਸ਼ਬਦ ਹਨ "ਭਲੀ ਜੁਗਤਿ ਰਹਣਾ ਮਾਸ ਮਛੀ ਦੇ ਨੇੜੇ ਨਹੀ ਆਵਣਾ" ਦੋਵਾਂ ਹੁਕਮਨਾਮਿਆਂ ਅੰਦਰ ਹੋ ਰਹੇ ਬਚਨ ਇਸ ਗੱਲ ਦਾ ਸੰਕੇਤ ਹਨ ਪਟਨਾ ਸਾਹਿਬ ਵੱਡਾ ਸਿੱਖੀ ਦਾ ਕੇਂਦਰ ਸੀ ਤੇ ਗੁਰੂ ਸਾਹਿਬਾਨਾਂ ਨਾਲ ਚਿੱਠੀ ਪੱਤਰ ਚਲਦਾ ਰਹਿੰਦਾ ਹੋਵੇਗਾ ਭਾਂਵੇ ਕਿ ਪਹਿਲੇ ਗੁਰੂ ਸਾਹਿਬਾਨਾਂ ਦੇ ਹੁਕਮਨਾਮੇ ਸਾਨੂੰ ਪ੍ਰਾਪਤ ਨਹੀਂ ਹੁੰਦੇ। ਗੁਰੂ ਹਰਗੋਬਿੰਦ ਸਾਹਿਬ ਜੀ ਦੇ ਲਿਖੇ ਇਨ੍ਹਾਂ ਹੁਕਮਨਾਮਿਆਂ ਵਿੱਚ ਪਟਨੇ ਦੀ ਸੰਗਤ ਨੂੰ "ਗੁਰੂ ਕਾ ਖਾਲਸਾ" ਆਖਿਆ ਹੈ। ਗੁਰੂ ਘਰ ਵਿੱਚ ਦੋ ਪ੍ਰਕਾਰ ਦੀਆਂ ਸੰਗਤਾਂ ਹੁੰਦੀਆਂ ਸਨ, ਸੰਗਤ ਸਹਿਲੰਗ ਅਤੇ ਖਾਲਸਾ। ਸਹਿਲੰਗ ਉਹ ਸਿੱਖ ਜੋ ਮਸੰਦਾ ਦੇ ਪ੍ਰਚਾਰ ਨਾਲ ਸਿੱਖੀ ਵਿਚਾਰਧਾਰਾ ਨੂੰ ਪ੍ਰਵਾਨ ਕਰਕੇ ਸਿੱਖ ਬਣੇ। ਖਾਲਸਾ ਉਹ ਜੋ ਗੁਰੂ ਨਾਲ ਸਿੱਧਾ ਸੰਪਰਕ ਵਿੱਚ ਆਏ। ਪਟਨੇ ਦੀ ਸੰਗਤ ਲਈ ਖਾਲਸਾ ਲਿਖਣ ਤੋਂ ਭਾਵ ਹੈ ਇਨ੍ਹਾਂ ਦੇ ਘਰਾਂ ਵਿੱਚ ਸਿੱਖੀ ਗੁਰੂ ਨਾਨਕ ਪਾਤਸ਼ਾਹ ਦੇ ਸਮੇਂ ਤੋਂ ਚੱਲ ਰਹੀ ਹੈ। ਗੁਰੂ ਤੇਗ ਬਹਾਦਰ ਜੀ ਜਦੋਂ ਪੂਰਬੀ ਭਾਰਤ ਦੀ ਯਾਤਰਾ ਨੂੰ ਨਿਕਲੇ ਤਾਂ ਆਪ ਦੇ ਨਾਲ ਪਰਿਵਾਰ ਵੀ ਸੀ। ਪਟਨੇ ਵਿੱਚ ਪਹੁੰਚ ਸਭ ਤੋਂ ਪਹਿਲਾ ਸੇਠ ਜੈਤਾ ਮੱਲ ਦੇ ਘਰ ਡੇਰਾ ਕੀਤਾ। ਘਰ ਛੋਟਾ ਸੀ ਲੰਬੀ ਓੜ ਬਾਅਦ ਗੁਰੂ ਦਰਸ਼ਨ ਕਰਨ ਲਈ ਸੰਗਤ ਵੱਡੀ ਗਿਣਤੀ ਵਿੱਚ ਆਈ ਭਾਈ ਸੰਤੋਖ ਸਿੰਘ ਜੀ ਲਿਖਦੇ ਹਨ:-

ਪਟਨਾ ਸ਼ਹਿਰ ਲੋਕ ਬਹੁਤ ਬਸੈ।
ਬੇਸੁਮਾਰ ਗੁਰੁ ਜਸ ਬਹੁ ਲਗੈ।
ਅਨਿਕ ਭਾਂਤਿ ਕੀ ਆਨਿ ਮਿਠਾਈ।
ਖਰੈ ਹੋਇ ਅਰਦਾਸਿ ਕਰਾਈ।
ਤਹਿ ਕੇ ਬਡ ਮਸੰਦ ਚਲਿ ਆਏ।
ਬ੍ਰਿੰਦ ਸੰਗਤਾਂ ਸੰਗ ਸੁ ਲਯਾਏ।
ਛੋਟੇ ਥਾਨ ਲੋਕ ਸਮੁਦਾਏ।
ਭਈ ਭੀਰ ਥਿਤ ਥਾਂਉ ਨਾ ਪਾਏ।

ਮੁੱਖੀ ਸਿੱਖਾਂ ਨੇ ਸਲਾਹ ਕੀਤੀ ਗੁਰੂ ਜੀ ਦਾ ਡੇਰਾ ਕਿਸੇ ਖੁਲ੍ਹੀ ਜਗ੍ਹਾ ਕਰਾਇਆ ਜਾਵੇ ਤਾਂ ਕਿ ਸਵੇਰ ਸ਼ਾਮ ਸਭ ਸੰਗਤ ਦਰਬਾਰ ਵਿਚ ਸੱਜ ਸੱਕੇ। ਪਰਿਵਾਰ ਨੂੰ ਛੱਡ ਗੁਰੂ ਤੇਗ ਬਹਾਦਰ ਜੀ ਜਲਦੀ ਹੀ ਰਾਜਾ ਰਾਮ ਸਿੰਘ ਨਾਲ ਅਸਾਮ ਵੱਲ ਚਲੇ ਗਏ। ਅਸਾਮ ਨੂੰ ਜਾਂਦਿਆ ਹੋਇਆ ਆਪ ਨੇ ਇੱਕ ਹੁਕਮਨਾਮੇ ਵਿੱਚ ਪਟਨੇ ਦੀ ਸੰਗਤ ਨੂੰ ਆਖਿਆ ਹੈ ਕਿ ਉਹ ਕੋਈ ਚੰਗੀ ਵੱਡੀ ਹਵੇਲੀ ਵਿੱਚ ਪਰਿਵਾਰ ਦਾ ਡੇਰਾ ਕਰਾ ਦੇਣ "ਅਵਲ ਹਵੇਲੀ ਹੋਵੇ ਬਡੀ ਹੋਵੇ ਤਿਸ ਮੋ ਕਬੀਲੇ ਰਖਣੇ" ਹਮਾਰੈ ਉਸ ਸਮੇਂ ਪਟਨੇ ਵਿੱਚ ਭਾਈ ਦਿਆਲ ਦਾਸ, ਭਾਈ ਰਾਮਰਾਇ ਅਤੇ ਭਾਈ ਦਰਬਾਰੀ ਮੁੱਖੀ ਸਿੱਖ ਸਨ ਇਨ੍ਹਾਂ ਤਿੰਨਾਂ ਦਾ ਜਿਕਰ ਸਭ ਹੁਕਮਨਾਮਿਆਂ ਵਿੱਚ ਹੈ। ਭਾਈ ਦਿਆਲ ਨੂੰ ਗੁਰੂ ਜੀ 'ਭਾਈ ਜੀ' ਕਹਿ ਸੰਬੋਧਨ ਕਰਦੇ ਹਨ।

ਗੁਰੂ ਗੋਬਿੰਦ ਸਿੰਘ ਜੀ ਦਾ ਅਵਤਾਰ ਪਟਨਾ ਦੀ ਧਰਤੀ 'ਤੇ ਪੋਹ ਸੁਦੀ ਸੱਤਵੀਂ 1723 ਬਿ: ਮੁਤਾਬਿਕ 22 ਦਸੰਬਰ 1666 ਈ. ਨੂੰ ਹੋਇਆ। ਗੁਰੂ ਤੇਗ ਬਹਾਦਰ ਜੀ ਜਦੋਂ ਅਸਾਮ ਦੀ ਮੁੰਹਿਮ ਤੋਂ ਵਾਪਸ ਆਏ ਤਾਂ ਉਹਨਾਂ ਇਸ ਵਾਰੀ ਡੇਰਾ ਸ਼ਹਿਰ ਤੋਂ ਬਾਹਰ ਰਹੀਮ ਬਖ਼ਸ਼ ਤੇ ਕਰੀਮ ਬਖ਼ਸ਼ ਦੇ ਬਾਗ ਵਿੱਚ ਲਾਇਆ। ਇਨ੍ਹਾਂ ਦੋਵਾਂ ਨਵਾਬ ਭਰਾਵਾਂ ਨੇ ਸੇਵਾ ਕੀਤੀ ਸਾਰਾ ਪਰਿਵਾਰ ਇੱਥੇ ਹੀ ਆ ਕੇ ਗੁਰੂ ਜੀ ਨੂੰ ਮਿਲਿਆ। ਇੱਥੇ ਅੱਜ ਕੱਲ੍ਹ ਗੁਰਦੁਆਰਾ ਗੁਰੂ ਕਾ ਬਾਗ ਹੈ। ਗੁਰੂ ਤੇਗ ਬਹਾਦਰ ਜੀ ਪਰਿਵਾਰ ਨੂੰ ਪਟਨੇ ਛੱਡ ਆਪ ਵਾਪਸ ਪੰਜਾਬ ਆ ਗਏ। ਗੁਰੂ ਗੋਬਿੰਦ ਸਿੰਘ ਜੀ ਦਾ ਬਚਪਨ ਪਟਨੇ ਦੀ ਧਰਤੀ 'ਤੇ ਚੋਜ ਕਰਦਿਆਂ ਬਤੀਤ ਹੋਇਆ। ਰਾਣੀ ਮੈਣੀ ਦੀ ਦੀਆਂ ਸੱਧਰਾ ਪੂਰੀਆਂ ਕੀਤੀਆਂ। ਸਿਵਦੱਤ ਨੂੰ ਕ੍ਰਿਸ਼ਨ ਰੂਪ ਹੋ ਦੀਦਾਰੇ ਦਿੱਤੇ, ਬਾਲ ਸਾਥੀਆਂ ਨਾਲ ਚੋਜ ਕੀਤੇ। ਪਟਨਾ ਸਾਹਿਬ ਦੇ ਇਤਿਹਾਸ ਨਾਲ ਸੰਬੰਧਿਤ ਵੱਖ-ਵੱਖ ਗੁਰਦੁਆਰੇ ਮੌਜੂਦ ਹਨ। ਗੁਰੂ ਤੇਗ ਬਹਾਦਰ ਜੀ ਦੀ 350 ਸਾਲਾ ਸ਼ਤਾਬਦੀ ਨੂੰ ਸਮਰਪਿਤ ਤਖਤ ਪਟਨਾ ਸਾਹਿਬ ਦੀ ਕਮੇਟੀ ਅਤੇ ਬਿਹਾਰ ਸਰਕਾਰ ਵਲੋਂ ਇੱਕ ਸਰਬ ਧਰਮ ਸੰਮੇਲਨ ਆਯੋਜਿਤ ਕੀਤਾ ਗਿਆ। ਸ੍ਰੀ ਸਤਿਗੁਰੂ ਜੀ ਨੂੰ ਵੀ ਸੱਦਾ ਆਇਆ ਸਤਿਗੁਰੂ ਜੀ ਇਹ ਸੱਦਾ ਪ੍ਰਵਾਣ ਕੀਤਾ। ਇਹ ਦੌਰਾ ਇਤਿਹਾਸਕ ਹੋ ਨਿਬੜਿਆ।

..........................................................

# ਗੁਰਬਾਣੀ ਵਿਆਖਿਆ - ਆਸਾ ਦੀ ਵਾਰ

**ਸਲੋਕ ਮਃ ੧॥**

**ਹਉ ਵਿਚਿ ਆਇਆ ਹਉ ਵਿਚਿ ਗਇਆ॥**

ਸੰਸਾਰ ਵਿਚ ਜੀਵ ਹੰਕਾਰ ਵਿਚ ਹੀ ਆਉਂਦਾ ਹੈ ਅਤੇ ਹੰਕਾਰ ਵਿੱਚ ਹੀ ਚਲਿਆ ਜਾਂਦਾ ਹੈ।

In ego, one arrives and departs.

**ਹਉ ਵਿਚਿ ਜੰਮਿਆ ਹਉ ਵਿਚਿ ਮੁਆ॥**

ਹੰਕਾਰ ਵਿੱਚ ਹੀ ਜੰਮਦਾ ਹੈ ਅਤੇ ਹੰਕਾਰ ਵਿੱਚ ਹੀ ਮਰ ਜਾਂਦਾ ਹੈ।

In ego, one is born and one dies.

**ਹਉ ਵਿਚਿ ਦਿਤਾ ਹਉ ਵਿਚਿ ਲਇਆ॥**

ਹੰਕਾਰ ਵਿੱਚ ਹੀ ਸੰਸਾਰ ਅੰਦਰ ਲੈਣ-ਦੇਣ ਕਰਦਾ ਹੈ।

In ego, one gives and takes.

**ਹਉ ਵਿਚਿ ਖਟਿਆ ਹਉ ਵਿਚਿ ਗਇਆ॥**

ਹੰਕਾਰ ਵਿੱਚ ਹੀ ਖੱਟਦਾ ਅਤੇ ਗਵਾਉਂਦਾ ਹੈ।

In ego, one achieves and loses.

**ਹਉ ਵਿਚਿ ਸਚਿਆਰੁ ਕੂੜਿਆਰੁ॥**

ਹੰਕਾਰ ਵਿੱਚ ਹੀ ਸੱਚਾ ਅਤੇ ਝੂਠਾ ਹੈ।

In ego, one decides truthfulness and falsehood.

**ਹਉ ਵਿਚਿ ਪਾਪ ਪੁੰਨ ਵੀਚਾਰੁ॥**

ਹੰਕਾਰ ਵਿੱਚ ਹੀ ਪੁੰਨ-ਪਾਪ ਦੀ ਵਿਚਾਰ ਕਰਦਾ ਹੈ।

In ego, one contemplates upon sin and virtue.

**ਹਉ ਵਿਚਿ ਨਰਕਿ ਸੁਰਗਿ ਅਵਤਾਰੁ॥**

ਹੰਕਾਰ ਕਰਕੇ ਹੀ ਚੰਗੇ-ਮਾੜੇ ਜੀਵਨ ਵਿੱਚ ਪੈਂਦਾ ਹੈ।

In ego, one goes to hell or heaven.

**ਹਉ ਵਿਚਿ ਹਸੈ ਹਉ ਵਿਚਿ ਰੋਵੈ॥**

ਹੰਕਾਰ ਵਿੱਚ ਹੀ ਹੱਸਦਾ ਹੈ, ਹੰਕਾਰ ਵਿੱਚ ਹੀ ਰੋਂਦਾ ਹੈ।

In ego, one laughs and cries.

**ਹਉ ਵਿਚਿ ਭਰੀਐ ਹਉ ਵਿਚਿ ਧੋਵੈ॥**

ਹੰਕਾਰ ਵਿੱਚ ਮੈਲ ਨਾਲ ਭਰ ਜਾਂਦਾ ਹੈ ਅਤੇ ਹੰਕਾਰ ਵਿੱਚ ਹੀ ਮੈਲ ਸਾਫ਼ ਕਰਦਾ ਹੈ।

In ego, one becomes sinful and in ego, one gets absolved of it.

**ਹਉ ਵਿਚਿ ਜਾਤੀ ਜਿਨਸੀ ਖੋਵੈ॥**
ਹੰਕਾਰ ਵਿੱਚ ਉਹ ਆਪਣੀ ਜਾਤ ਅਤੇ ਨਸਲ ਗਵਾ ਲੈਂਦਾ ਹੈ।
In ego, one loses their class and social status

**ਹਉ ਵਿਚਿ ਮੂਰਖੁ ਹਉ ਵਿਚਿ ਸਿਆਣਾ॥**
ਹੰਕਾਰ ਵਿੱਚ ਹੀ ਮੂਰਖ ਅਤੇ ਹੰਕਾਰ ਵਿੱਚ ਹੀ ਸਿਆਣਾ ਬਣਦਾ ਹੈ।
In ego, one is described as fool or intelligent.

**ਮੋਖ ਮੁਕਤਿ ਕੀ ਸਾਰ ਨ ਜਾਣਾ॥**
ਪਰ ਮੁਕਤੀ ਦੀ ਖ਼ਬਰ ਤੋਂ ਅਨਜਾਣ ਹੈ।
But they are ignorant of salvation.

**ਹਉ ਵਿਚਿ ਮਾਇਆ ਹਉ ਵਿਚਿ ਛਾਇਆ॥**
ਹੰਕਾਰ ਵਿੱਚ ਹੀ ਮਾਇਆ ਰੂਪ ਸੰਸਾਰ ਹੈ, ਹੰਕਾਰ ਵਿੱਚ ਹੀ ਮਾਇਆ ਦਾ ਪ੍ਰਭਾਵ ਹੈ।
In ego, the materialistic world prevails. Due to ego, the illusion of *Maya* is manifested.

**ਹਉਮੈ ਕਰਿ ਕਰਿ ਜੰਤ ਉਪਾਇਆ॥**
ਹੰਕਾਰ ਕਰ-ਕਰ ਕੇ ਜੀਵ ਪੈਦਾ ਕੀਤਾ ਗਿਆ ਹੈ।
In ego, all beings take birth.

**ਹਉਮੈ ਬੂਝੈ ਤਾ ਦਰੁ ਸੂਝੈ॥**
ਹੰਕਾਰ ਨੂੰ ਸਮਝ ਲਏ ਤਾਂ ਅੰਦਰ ਪ੍ਰਭੂ ਦੇ ਦਰ ਦੀ ਸੋਝੀ ਆ ਜਾਂਦੀ ਹੈ।
When one recognizes the reality of ego, the path to God is revealed.

**ਗਿਆਨ ਵਿਹੂਣਾ ਕਥਿ ਕਥਿ ਲੂਝੈ॥**
ਗਿਆਨ ਤੋਂ ਬਿਨਾਂ ਮਨੁੱਖ ਵਿਅਰਥ ਹੀ ਝਗੜਦਾ ਹੈ।
Ignorant humans constantly argue without reason.

**ਨਾਨਕ ਹੁਕਮੀ ਲਿਖੀਐ ਲੇਖੁ॥**
ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਪ੍ਰਭੂ ਦੇ ਹੁਕਮ ਵਿੱਚ ਹੀ ਲੇਖ ਲਿਖੇ ਗਏ ਹਨ।
Sri Guru Ji says that it is under the God's command that one's destiny is written.

**ਜੇਹਾ ਵੇਖਹਿ ਤੇਹਾ ਵੇਖੁ॥੧॥**
ਜਿਹੋ ਜਿਹਾ ਕੋਈ ਪ੍ਰਭੂ ਨੂੰ ਵੇਖਦਾ ਹੈ, ਓਹੋ ਜਿਹਾ ਹੀ ਪਰਮੇਸ਼ਰ ਉਸਨੂੰ ਨਜ਼ਰ ਆਉਂਦਾ ਹੈ।
Howsoever one looks upon God, He manifests Himself in that very form.

**ਚਲਦਾ...**

**ਨਾਮਧਾਰੀ ਨਿਤਨੇਮ ਸਟੀਕ ਵਿਚੋਂ**

# ਗ਼ਦਰ ਲਹਿਰ ਦਾ ਕੂਕਾ ਸ਼ਹੀਦ- ਭਾਈ ਹਜਾਰਾ ਸਿੰਘ ਰਾਈਆਂ



**ਸੁਵਰਨ ਸਿੰਘ ਵਿਰਕ**
**9996371716**

ਪੰਜਾਬ ਦੇ ਮੰਦਵਾੜੇ ਤੋਂ ਸਤਾਏ ਕਿਸਾਨਾਂ ਨੇ ਓਪਰੀਆਂ ਧਰਤੀਆਂ ਵੱਲ ਮੂੰਹ ਕੀਤਾ। ਪਹਿਲਾਂ ਉਹਨਾਂ ਦੱਖਣ ਪੂਰਬ ਏਸ਼ੀਆ, ਹਿੰਦ ਚੀਨੀ ਆਦਿ ਦੇ ਦੇਸ਼ਾਂ ਵਿੱਚ ਕਿਰਤ ਕਮਾਈ ਕਰਨ ਦੀ ਟੋਹ ਲਈ। ਫਿਰ ਉਹਨਾਂ ਨੂੰ ਨਵੇਂ ਆਬਾਦ ਹੋਏ ਮੁਲਕਾਂ ਅਮਰੀਕਾ-ਕੈਨੇਡਾ ਆਦਿ ਵਿੱਚ ਵਧੇਰੇ ਉਜਰਤਾਂ ਦੀ ਸੂਹ ਲੱਗੀ। ਹੁਣ ਉਹਨਾਂ ਦਾ ਰੁੱਖ ਇਹਨਾਂ ਦੇਸਾਂ ਵੱਲ ਹੋ ਗਿਆ। 1910 ਈ. ਤੱਕ ਦੱਸ ਹਜਾਰ ਤੋਂ ਉੱਪਰ ਭਾਰਤੀ ਜਿਹਨਾਂ ਚੋਂ ਤਕਰੀਬਨ ਨੱਬੇ ਫੀਸਦੀ ਤੋਂ ਵੱਧ ਪੰਜਾਬੀ ਸਨ, ਅਮਰੀਕਾ ਅਤੇ ਕੈਨੇਡਾ ਵਿੱਚ ਪੁੱਜ ਗਏ। ਇਹਨਾਂ ਵਿੱਚੋਂ ਬਹੁ ਗਿਣਤੀ ਸਿੱਖ ਕਿਸਾਨਾਂ ਅਤੇ ਵਿਰਲੇ ਟਾਂਵੇ ਦਸਤਕਾਰ ਜਾਂ ਕੁਝ ਕੁ ਬੁੱਧੀਜੀਵੀ ਵੀ ਸਨ। ਸਿੱਖ ਕਿਸਾਨਾਂ ਵਿੱਚ ਵੀ ਪੂਰਵ ਸੈਨਿਕਾਂ ਦੀ ਗਿਣਤੀ ਨੁਮਾਇਆਂ ਸੀ। ਇਹਨਾਂ ਨੂੰ ਇਥੇ ਰਹਿੰਦਿਆਂ ਗੋਰੇ ਮਜ਼ਦੂਰਾਂ ਵਲੋਂ ਆਪਣੇ ਪ੍ਰਤੀ ਹੁੰਦੀ ਈਰਖਾ ਅਤੇ ਸਾੜਾ ਪ੍ਰਤੱਖ ਨਜ਼ਰ ਆਇਆ। ਉਹ ਇਹਨਾਂ ਨੂੰ ਕੁੱਲੀ ਓ ਕੁੱਲੀ ਕਹਿ ਕੇ ਅਪਮਾਨਿਤ ਕਰਦੇ ਸਨ। ਕੱਲੇ-ਦੁਕੱਲੇ ਨੂੰ ਟੱਕਰਨ ਤੇ ਕੁੱਟ ਮਾਰ ਵੀ ਕਰ ਦਿੰਦੇ। ਹੋਟਲਾਂ ਅਤੇ ਰੈਸਟੋਰੈਂਟਾਂ ਦੇ ਬੂਹੇ ਤੇ ਲਿਖ ਕੇ ਲਾਇਆ ਸੀ- "ਕੁੱਤੇ ਅਤੇ ਭਾਰਤੀ ਅੰਦਰ ਨਹੀਂ ਆ ਸਕਦੇ।"

ਫਿਰ ਕੈਨੇਡਾ ਦੀ ਸਰਕਾਰ ਵਲੋਂ ਆਮ ਹਿੰਦੀਆਂ ਦੇ ਦਾਖਲੇ, ਵਿਸ਼ੇਸ਼ ਕਰ ਪਰਿਵਾਰ ਸਮੇਤ ਦਾਖਲੇ ਨੂੰ ਰੋਕਣ ਲਈ ਊਲ-ਜਲੂਲ ਅਤੇ ਬੇਤੁਕੀਆਂ ਸ਼ਰਤਾਂ ਲਾ ਦਿੱਤੀਆਂ ਦਾਖਲਾ ਫੀਸ ਵਧਾ ਦਿੱਤੀ ਗਈ। ਕੈਨੇਡਾ ਵਿੱਚੋਂ ਭਾਰਤੀਆਂ ਨੂੰ ਮੱਛਰ ਮਲੇਰੀਏ ਦੀ ਭਰਮਾਰ ਵਾਲੇ ਹੌਂਡੂਰਸ ਟਾਪੂ ਵਿੱਚ ਭੇਜਣ ਦੀ ਯੋਜਨਾ ਬਣਾਈ ਗਈ। ਇਸ ਨੂੰ ਰੋਕਣ ਲਈ ਭਾਰਤੀਆਂ ਨੇ ਇੱਕ ਪ੍ਰਤੀਨਿਧ ਮੰਡਲ ਲੋਕ ਰਾਇ ਹੱਕ ਵਿੱਚ ਤਿਆਰ ਕਰਨ ਲਈ ਪੰਜਾਬ (ਭਾਰਤ) ਅਤੇ ਇੰਗਲੈਂਡ ਵਿੱਚ ਵੀ ਭੇਜਿਆ ਇਹਨਾਂ ਨੂੰ ਆਸ ਸੀ ਕਿ ਕੈਨੇਡਾ ਵੀ ਭਾਰਤ ਜਿਉਂ ਹੀ ਬਰਤਾਨੀਆਂ ਦੀ ਇੱਕ ਬਸਤੀ ਹੈ ਅਤੇ ਇਸ ਤਰ੍ਹਾਂ ਇੰਗਲੈਂਡ ਦੀ ਸਰਕਾਰ ਸਾਡੀ ਗੱਲ ਸੁਣ ਕੇ ਕੈਨੇਡਾ ਸਰਕਾਰ ਨੂੰ ਸਾਡੇ ਨਾਲ ਨਿਆਂ ਕਰਨ ਲਈ ਕਹੇਗੀ ਪਰ ਅਜਿਹਾ ਨਾ ਹੋਣਾ ਸੀ ਨਾ ਹੋਇਆ।

ਅਮਰੀਕਾ ਵਿੱਚ ਪ੍ਰਸ਼ਾਂਤ ਸਾਗਰ ਦੇ ਪੱਛਮੀ ਕਿਨਾਰੇ ਤੇ ਵੱਸਣ ਵਾਲੇ ਹਿੰਦੀਆਂ, ਕਿਸਾਨਾਂ ਅਤੇ ਦਸਤਕਾਰਾਂ ਨੇ, ਲਾਲਾ ਹਰਦਿਆਲ ਅਤੇ ਪ੍ਰੋ. ਤੇਜਾ ਸਿੰਘ ਜਿਹੇ ਬੁੱਧੀ ਜੀਵੀਆਂ ਨਾਲ ਵਿਚਾਰ ਵਟਾਂਦਰੇ ਕਰਕੇ ਜੱਥੇਬੰਦ ਹੋਣਾ ਸ਼ੁਰੂ ਕਰ ਦਿੱਤਾ। ਉਹਨਾਂ ਨੇ ਆਪਣੇ ਦੇਸ਼ ਦੀ ਗੁਲਾਮੀ ਨੂੰ ਹੀ ਆਪਣੇ ਨਾਲ ਹੁੰਦੇ ਸਾਰੇ ਵਿਤਕਰਿਆਂ ਅਤੇ ਮਾਨਸਿਕ, ਸਰੀਰਕ, ਸਮਾਜਿਕ, ਸਿਆਸੀ ਉਤਪੀੜਤ ਦਾ ਇੱਕ ਮਾਤਰ ਕਾਰਨ ਸਮਝਿਆ ਉਹਨਾਂ ਨੇ ਇਹ ਵੀ ਸਮਝ ਲਿਆ ਕਿ ਮੁੱਠੀ ਭਰ ਗੋਰੇ, ਜੋ ਸਾਡੇ ਤੇ ਰਾਜ ਕਰ ਰਹੇ ਹਨ ਉਸ ਦਾ ਆਧਾਰ ਉਹਨਾਂ ਦੇ ਕਬਜ਼ੇ ਵਿੱਚ ਭਾਰਤ ਦੀ ਸੈਨਾ ਹੈ। ਇਸ ਲਈ ਆਮ ਲੋਕਾਂ ਨੂੰ ਸੰਗਠਿਤ ਕਰਕੇ ਸੈਨਾ ਦੇ ਦੇਸ਼ ਭਗਤ ਤਬਕਿਆਂ ਨੂੰ ਅੰਗਰੇਜ਼ੀ ਸਰਕਾਰ ਦੇ ਖਿਲਾਫ ਲੜਾਈ ਦੇ ਮੈਦਾਨ ਵਿੱਚ ਲਿਆ ਕੇ, ਹਥਿਆਰਬੰਦ ਇਨਕਲਾਬ ਦੁਆਰਾ ਗੋਰਾ-ਸ਼ਾਹੀ ਦੀਆਂ ਸਫਾਂ ਵਲ੍ਹੇਟੀਆਂ ਜਾ ਸਕਦੀਆਂ ਹਨ। ਇਸ ਕੰਮ ਲਈ ਉਹਨਾਂ 1857 ਦੇ ਪਹਿਲੇ ਜਨ ਉਭਾਰ ਜਿਸਨੂੰ ਅੰਗਰੇਜ਼ ਹਿਕਾਰਤ ਨਾਲ 'ਗ਼ਦਰ' ਆਖਦੇ ਸਨ ਨਵੰਬਰ 1913 ਵਿਚ ਸਾਨ ਫਰਾਂਸਿਸਕੋ ਤੋਂ 'ਗ਼ਦਰ' ਅਖ਼ਬਾਰ ਛਾਪਣਾ ਸ਼ੁਰੂ ਕੀਤਾ। ਇਹ ਪੰਜਾਬੀ, ਉਰਦੂ, ਗੁਜਰਾਤੀ ਅਤੇ ਕੁਝ ਹੋਰ ਭਾਸ਼ਾਵਾਂ ਵਿਚ ਛਾਪਿਆ ਜਾਂਦਾ ਸੀ। ਇਸ ਦੀਆਂ ਲਿਖਤਾਂ ਵਿਚ ਅੰਕੜਿਆਂ ਦੀ ਅਗਵਾਹੀ ਦੇ ਅਨੁਵਾਨ ਹੇਠ ਭਾਰਤ ਵਿੱਚ ਬਰਤਾਨਵੀ ਸਰਕਾਰ ਦੁਆਰਾ ਹੁੰਦੀ ਲੁੱਟ-ਖਸੁੱਟ ਦੇ ਕੱਚੇ ਚਿੱਠੇ ਫੋਲੇ ਜਾਂਦੇ। ਪੰਜਾਬੀ ਵਿਚ ਛਪਣ ਵਾਲੀਆਂ ਇਸ ਦੇ ਕਵੀਆਂ ਦੁਆਰਾ ਲਿਖਤ ਦੇਸ਼ ਭਗਤੀ ਦੀਆਂ ਕਵਿਤਾਵਾਂ ਤਾਂ ਠੰਢਾ ਹੋ ਚੁੱਕਾ ਖੂਨ ਵੀ ਖੌਲਣ ਲਾ ਦਿੰਦੀਆਂ ਸਨ। ਪਾਰਟੀ ਦਾ ਪਹਿਲਾ ਨਾਮ "ਪ੍ਰਸ਼ਾਂਤ ਸਾਗਰ ਤਟ ਤੇ ਭਾਰਤੀਆਂ ਦੀ

ਸਭਾ" ਸੀ। ਪਰ ਗ਼ਦਰ ਅਖ਼ਬਾਰ ਜੋ ਲੱਖਾਂ ਵਿਚ ਛਪ ਕੇ ਦੇਸ਼ ਅਤੇ ਹੋਰ ਦੇਸ਼ਾਂ ਵਿੱਚ ਜਿੱਥੇ-ਜਿੱਥੇ ਵੀ ਭਾਰਤੀ ਸਨ, ਪੁਚਾਇਆ ਜਾਂਦਾ ਸੀ। ਪ੍ਰਸਿੱਧੀ ਅਤੇ ਮਕਬੂਲੀਅਤ ਦੀ ਵਜ੍ਹਾਂ ਕਰਕੇ ਇਸ ਸਭਾ ਨੂੰ ਹੁਣ ਗ਼ਦਰ ਪਾਰਟੀ ਕਹਿ ਕੇ ਹੀ ਬੁਲਾਇਆ ਜਾਣ ਲੱਗਾ।

ਦੁਨੀਆਂ ਦੇ ਹਾਲਾਤ ਤੇਜ਼ੀ ਨਾਲ ਬਦਲ ਰਹੇ ਸਨ। ਪਹਿਲੀ ਸੰਸਾਰ ਜੰਗ ਦੇ ਬੱਦਲ ਯੋਰਪ ਤੇ ਛਾਏ ਹੋਏ ਸਨ। ਉਧਰ ਕਾਮਾਗਾਟਾ ਮਾਰੂ ਜਹਾਜ਼ ਜਿਸ ਵਿੱਚ ਨਵੀਆਂ ਸ਼ਰਤਾਂ ਤਹਿਤ ਆਏ 376 ਮੁਸਾਫਿਰਾਂ ਨੂੰ ਵੀ ਕੈਨੇਡਾ ਸਰਕਾਰ ਨੇ ਦੋ ਮਹੀਨੇ ਸਮੁੰਦਰ ਵਿੱਚ ਰੋਕੀ ਰੱਖ ਕੇ, ਜੁਲਾਈ 1914 ਵਿਚ ਵਾਪਸ ਹਿੰਦ ਨੂੰ ਮੋੜ ਦਿੱਤਾ ਬਿਨਾਂ ਉਸ ਧਰਤੀ ਤੇ ਪੈਰ ਪਾਇਆ ਹੀ। ਇਸ ਘਟਨਾ ਨੇ ਬਲਦੀ ਤੇ ਤੇਲ ਦਾ ਕੰਮ ਕੀਤਾ। ਸਾਰੇ ਗ਼ਦਰੀਆਂ ਦਾ ਹੁਣ ਇਹੋ ਨਾਅਰਾ ਸੀ-

"ਚਲੋ ਚੱਲੀਏ ਦੇਸ਼ ਨੂੰ ਜੰਗ ਕਰਨੇ/ ਇਹੋ ਆਖਰੀ ਬਚਨ ਫੁਰਮਾਨ ਹੋ ਗਏ। ਕੋਈ 8000 ਹਿੰਦੀ ਆਪਣੀ ਵਰ੍ਹਿਆਂ ਦੀ ਕਮਾਈ ਨੂੰ ਠੋਕਰ ਮਾਰਕੇ, ਬਹੁਤ ਸਾਰਾ ਅਸਲਾ ਗੋਲਾ ਬਾਰੂਦ ਅਤੇ ਪ੍ਰਚਾਰ ਸਮੱਗਰੀ ਲੈ ਕੇ ਦੇਸ਼ ਨੂੰ ਆਜ਼ਾਦ ਕਰਾਉਣ ਲਈ ਸਿਰ ਤੇ ਕਫਨ ਬੰਨ੍ਹ ਕੇ ਚੱਲ ਪਏ। ਕਲਕੱਤੇ ਦੇ ਪਾਸ ਬਜਬਜ ਘਾਟ ਤੇ ਜਹਾਜ ਕਾਮਾਗਾਟਾ ਮਾਰੂ ਦੇ ਦੋ ਕੁ ਦਰਜਨ ਯਾਤਰੀ ਪੁਲਿਸ ਗੋਲੀ ਬਾਰੀ ਵਿੱਚ ਮਾਰੇ ਗਏ। ਦੂਸਰੇ ਕਲਕੱਤੇ ਤੋਂ ਰੇਲ ਚੜ੍ਹਾ ਕੇ ਪੁਲੀਸ ਨਿਗਰਾਨੀ ਹੇਠ ਲੁਧਿਆਣੇ ਪਹੁੰਚਾਏ ਗਏ। ਇਥੇ ਛਾਣ-ਬੀਣ ਕਰਕੇ ਜਿਆਦਾ ਸ਼ੱਕੀਆਂ ਨੂੰ ਗ੍ਰਿਫ਼ਤਾਰ ਕਰ ਲਿਆ। ਕੁਝਨਾਂ ਨੂੰ ਪੁਲੀਸ ਨਿਗਰਾਨੀ ਹੇਠ ਘਰਾਂ ਵਿੱਚ ਰੱਖਿਆ। ਜਿਆਦਾ ਤਰ ਗ਼ਦਰੀ ਆਸੇ-ਪਾਸੇ ਖਿੰਡ ਗਏ। ਉਹਨਾਂ ਨੇ ਮਾਝੇ ਅਤੇ ਮਾਲਵੇ ਵਿੱਚ ਆਪਣੇ ਕਈ ਕੇਂਦਰ- ਜਿਹਾ ਕਿ ਲਾਹੌਰ, ਅੰਮ੍ਰਿਤਸਰ, ਫੀਰੋਜ਼ਪੁਰ, ਲੁਧਿਆਣਾ ਵਿੱਚ ਝਾੜ ਸਾਹਿਬ ਲੋਹਟਬੱਦੀ ਆਦਿ ਕੇਂਦਰ ਸਥਾਪਿਤ ਕਰ ਲਏ। ਬੰਬ ਬਣਾਏ ਜਾਣ ਲਗੇ। ਅਸਲਾ ਜੋੜਿਆ ਗਿਆ। ਇਹਨਾਂ ਕੰਮਾਂ ਲਈ ਡਾਕੇ ਮਾਰ ਕੇ ਮਾਇਆ ਵੀ ਕੁਝ ਜੁਟਾਈ ਗਈ। ਫੌਜੀ ਛਾਉਣੀਆਂ ਨਾਲ ਬੰਨੂ ਕੋਹਾਟ (ਸੂਬਾ ਸਰਹੱਦ) ਤੋਂ ਲੈ ਕੇ ਫੈਜ਼ਾਬਾਦ (ਯੂ.ਪੀ.) ਤੱਕ ਰਾਬਤਾ ਕਾਇਮ ਕਰ ਲਿਆ।

ਗ਼ਦਰ ਕਰਨ ਦੀਆਂ ਪਹਿਲਾਂ 21 ਫਰਵਰੀ ਅਤੇ ਫਿਰ 19 ਫਰਵਰੀ 1915, ਤਰੀਖਾਂ ਮਿਥੀਆਂ ਗਈਆਂ। ਪਰ ਪਹਿਲਾਂ ਵੀ ਅਤੇ ਦੁਬਾਰਾ ਵੀ ਬਦਲੀ ਤਾਰੀਖ ਦੀ ਸੂਹ, ਸਰਕਾਰੀ ਸੂਹੀਆਂ/ਮੁੱਖਬਰਾਂ ਰਾਂਹੀ ਹਕੂਮਤ ਤੱਕ ਪੁੱਜ ਗਈ। ਉਹਨਾਂ ਤੁਰੰਤ ਲੋੜੀਂਦੀਆਂ ਪੇਸ਼ ਬੰਦੀਆਂ ਕਰਕੇ, ਛਾਉਣੀਆਂ ਵਿੱਚੋਂ ਸ਼ੱਕੀ ਪਲਟਣਾਂ, ਰੈਜੀਮੈਂਟਾਂ ਤੋਂ ਤੁਰੰਤ ਹਥਿਆਰ ਲੈ ਲਏ ਅਤੇ ਫਿਰ ਗ਼ਦਰੀ ਟਿਕਾਣਿਆਂ ਤੇ ਛਾਪੇਮਾਰੀ ਅਤੇ ਗ੍ਰਿਫਤਾਰੀਆਂ ਦਾ ਦੌਰ ਸ਼ੁਰੂ ਹੋਇਆ। ਹੁਣ ਗ਼ਦਰੀਆਂ ਅਤੇ ਉਹਨਾਂ ਦੇ ਹਮਾਇਤੀਆਂ ਤੇ ਸਰ ਮਾਈਕਲ ਓਡਵਾਇਰ ਦੀ ਸਰਕਾਰ ਦੁਆਰਾ ਦਮਨ ਚੱਕਰ ਚਲਾਇਆ ਗਿਆ। ਲਾਹੌਰ ਸਾਜਿਸ਼ ਕੇਸ ਕਈ ਕਿਸ਼ਤਾਂ ਵਿੱਚ ਚਲਾਏ ਗਏ। ਅੰਬਾਲਾ, ਮੇਰਠ, ਸਿੰਘਾਪੁਰ ਅਤੇ ਕਈ ਹੋਰ ਛਾਉਣੀਆਂ ਵਿਚ ਕੋਰਟ ਮਾਰਸ਼ਲ ਕਰਕੇ ਸੈਨਿਕਾਂ ਨੂੰ ਫਾਹੇ ਟੰਗਿਆ ਗਿਆ, ਗੋਲੀਆਂ ਨਾਲ ਉਡਾਇਆ ਗਿਆ ਜਾਂ ਕਾਲੇ ਪਾਣੀਆਂ ਦੀਆਂ ਸਖ਼ਤ ਸਜ਼ਾਵਾਂ ਭੁਗਤਾਈਆਂ ਗਈਆਂ, ਜਿਥੋਂ ਦੀ ਸਖ਼ਤੀ ਕਈਆਂ ਦੀ ਜਾਨ ਲੈ ਗਈ। ਸੋਹਣ ਸਿੰਘ ਜੋਸ਼ ਹੋਰਾਂ ਦੀ ਲਿਖਤ ਮੁਤਾਬਿਕ ਗ਼ਦਰ ਲਹਿਰ ਵਿੱਚ ਫਾਂਸੀਆਂ ਅਤੇ ਪੁਲੀਸ ਫੌਜ ਦੀਆਂ ਗੋਲੀਆਂ ਨਾਲ ਸ਼ਹੀਦ ਹੋਣ ਵਾਲੇ ਅਤੇ ਕਾਲੇ ਪਾਣੀ ਦੀਆਂ ਜਲਾਵਤਨੀਆਂ ਅਤੇ ਹੋਰ ਜਿਹਨਾਂ ਵਿਚ ਉਮਰ ਕੈਦਾਂ ਕੱਟਣ ਵਾਲੇ ਸੂਰਮਿਆਂ ਦੀ ਗਿਣਤੀ ਪੰਜ ਸੌ ਤੋਂ ਘੱਟ ਨਹੀਂ ਹੋ ਸਕਦੀ, ਜਦੋਂ ਕਿ ਸਰਕਾਰੀ ਲਿਖਤਾਂ ਵਿੱਚ ਇਸ ਨੂੰ ਕਿਤੇ ਘਟਾ ਕੇ ਪੇਸ਼ ਕੀਤਾ ਜਾਂਦਾ ਹੈ।[1]

ਇਹ ਇੱਕ ਪ੍ਰਵਾਣਿਤ ਤੱਥ ਹੈ ਕਿ ਅੰਮ੍ਰਿਤਸਰ, ਫੀਰੋਜ਼ਪੁਰ ਜਾਂ ਲੁਧਿਆਣਾ ਜ਼ਿਲ੍ਹਿਆਂ ਦੇ ਜਿਹਨਾਂ ਪਿੰਡਾਂ ਕਸਬਿਆਂ ਵਿੱਚ ਸਤਿਗੁਰੂ ਰਾਮ ਸਿੰਘ ਜੀ ਦੀ ਅਗੁਆਈ ਹੇਠ ਚੱਲਣ ਵਾਲੀ ਬਸਤੀਵਾਦ ਵਿਰੋਧੀ ਕੂਕਾ ਲਹਿਰ ਦੇ ਪ੍ਰਮੁੱਖ ਕੇਂਦਰ ਉਸਰੇ, ਜਿਹਾ ਕਿ ਮਾਝੇ ਵਿਚ ਸਰਹਾਲੀ ਦਾ ਆਲਾ-ਦੁਆਲਾ, ਮਾਲਵੇ ਵਿੱਚ ਬਾਘਾ-ਪੁਰਾਣਾ, ਨਿਹਾਲ ਸਿੰਘ ਵਾਲਾ ਥਾਣਿਆਂ ਦੇ ਪਿੰਡ, ਲੁਧਿਆਣੇ ਵਿਚ ਕਿਲ੍ਹਾ ਰਾਇਪੁਰ ਦਾ ਲਾਗਾ ਚਾਗਾ, ਇਹੋ ਥਾਵਾਂ ਬਾਅਦ ਵਿੱਚ ਗਦਰੀਆਂ ਦਾ ਗੜ੍ਹ ਬਣ ਕੇ ਉੱਭਰੀਆਂ। ਬਹੁਤ ਸਾਰੇ ਕਦੇ ਕੂਕਿਆਂ ਦੀ ਵੱਸੋਂ ਵਾਲੇ ਰਹੇ ਪਿੰਡ ਹੀ ਮੁੜ ਗਦਰੀਆਂ ਦੇ ਪਿੰਡ ਬਣੇ ਸਨ। ਗ਼ਦਰ ਲਹਿਰ ਦਾ ਬਾਨੀ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ, ਸਾਂਝੀਵਾਲਤਾ ਦੇ ਮੁਦੱਈ ਇੱਕ ਕੂਕਾ ਸਾਧੂ ਬਾਬਾ ਕੇਸਰ ਸਿੰਘ ਮੁਹਾਵਾ ਦੀ ਸੰਗਤ ਕਾਰਨ ਹੀ 1896 ਤੋਂ 1908 ਤੱਕ ਨਾਮਧਾਰੀ ਵਿਸ਼ਵਾਸ਼ਾਂ ਮੁਤਾਬਿਕ ਵਿਚਰਿਆ। ਇਹਨਾਂ ਤੋਂ ਹੀ ਉਸਨੂੰ ਦੇਸ਼ ਭਗਤੀ ਅਤੇ ਲੋਕ ਭਗਤੀ ਦੀ ਲਗਨ ਲੱਗੀ। ਇਹ ਮਾਣ ਵੀ ਗ਼ਦਰ ਅਖਬਾਰ ਦੀਆਂ ਲਿਖਤਾਂ ਨੂੰ ਜਾਂਦਾ ਹੈ ਕਿ ਉਹਨਾਂ ਨੇ ਕੂਕਿਆਂ ਦੀਆਂ ਦੇਸ਼ ਆਜ਼ਾਦੀ ਹਿੱਤ ਕੀਤੀਆਂ ਕੁਰਬਾਨੀਆਂ ਨੂੰ ਪਹਿਲੀ ਵੇਰ ਵੱਡੇ ਪੱਧਰ ਤੇ ਸਵੀਕਾਰਿਆ ਅਤੇ ਪਰਚਾਰਿਆ। "ਗਦਰ ਦੀ ਗੂੰਜ" ਵਿਚੋਂ ਅਜੇਹੇ ਕਾਵਿ ਟੋਟਕੇ ਅਕਸਰ ਮਿਲ ਜਾਂਦੇ

ਸਨ-

"ਕੀਤਾ ਕੂਕਿਆਂ ਕੱਠ ਪੰਜਾਬ ਅੰਦਰ।
ਰਾਮ ਸਿੰਘ ਭਾਈ ਮੋਹਰੀ ਆਣ ਹੋ ਗਏ।
ਬੱਚੇ ਔਰਤਾਂ ਕਈ ਹਜ਼ਾਰ ਕੂਕੇ।
ਖਾਤਰ ਦੇਸ਼ ਦੀ ਲਹੂ-ਲੁਹਾਨ ਹੋ ਗਏ।
ਰਾਮ ਸਿੰਘ ਭਾਈ ਜਲਾਵਤਨ ਕੀਤੇ।
ਨਾਲ ਹੋਰ ਵੀ ਕਈ ਕੁਰਬਾਨ ਹੋ ਗਏ।"[2]

ਭਾਈ ਰਣਧੀਰ ਸਿੰਘ ਨਾਰੰਗਵਾਲ ਦੇ ਨਾਲ ਹੀ ਲਾਹੌਰ ਸਾਜਿਸ਼ ਕੇਸ ਵਿੱਚ ਉਮਰ ਕੈਦ ਦੀ ਸਜ਼ਾ ਪਾਉਣ ਵਾਲਾ ਭਾਈ ਸੁਰਜਨ ਸਿੰਘ ਪਿੰਡ ਗੁਜਰਵਾਲ, ਥਾਣਾ ਡੇਹਲੋਂ, ਜ਼ਿਲ੍ਹਾ ਲੁਧਿਆਣਾ, ਮਹਾਂ ਸਿੰਘ ਨਾਮਧਾਰੀ ਦਾ ਪੁੱਤਰ ਸੀ। ਉਸ ਦਾ ਦਾਦਾ ਸ. ਚੈਨ ਸਿੰਘ ਲਹਿਰ ਦੇ ਮੁੱਢਲੇ ਦਿਨਾਂ ਤੋਂ ਹੀ ਗੁਰੂ ਰਾਮ ਸਿੰਘ ਦੇ ਮਿਸ਼ਨ ਵਿੱਚ ਸ਼ਾਮਲ ਹੋ ਗਿਆ ਸੀ। ਸੰਤ ਸੰਤੋਖ ਸਿੰਘ ਬਾਹੋਵਾਲ ਦੇ ਮੁਤਾਬਿਕ, ਚੈਨ ਸਿੰਘ 1861 ਈ. ਦੇ ਅਪ੍ਰੈਲ ਮਹੀਨੇ, ਗੁਰੂ ਜੀ ਦੁਆਰਾ ਹਰਿਦੁਆਰ ਅਰਧ ਕੁੰਭੀ ਦੇ ਸਮੇਂ, ਗੰਗਾ ਯਾਤਰਾ ਦੇ ਸੰਗ ਵਿਚ ਉਹਨਾਂ ਦੇ ਨਾਲ ਸ਼ਾਮਲ ਸੀ। ਉਸਦੇ ਦਾਦੇ ਦੀ ਭੈਣ ਬੀਬੀ ਕਰਮ ਕੌਰ ਨੇ ਜਦੋਂ ਭੇਡਾਂ ਬੱਕਰੀਆਂ ਦੀ ਉੱਨ ਕੱਤਕੇ, ਕਾਲੇ ਰੰਗ ਦੀ ਇੱਕ ਵੱਡੀ ਸਾਰੀ ਕੰਬਲੀ ਗੁਰੂ ਜੀ ਨੂੰ ਭੇਂਟ ਕੀਤੀ ਸੀ ਤਾਂ ਆਪ ਨੇ ਫ਼ਰਮਾਇਆ ਸੀ "ਬੀਬੀ ਕਰਮੋ! ਲੈ ਆਈ ਹੈਂ ਸਾਡੇ ਦੇਸ ਨਕਾਲੇ ਦਾ ਸਮਿਆਨ।" ਤੇ ਫਿਰ ਜਦੋਂ 17 ਜਨਵਰੀ 1872 ਦੀ ਉਸ ਠੰਢੀ ਤੇ ਸਿੱਲੀ ਰਾਤ ਨੂੰ ਸਤਿਗੁਰੂ ਜੀ ਸਰਕਾਰੀ ਸੱਦੇ ਤੇ ਸੁਆਰ ਹੋ ਲੁਧਿਆਣੇ ਨੂੰ ਚੱਲੇ ਸਨ ਤਾਂ ਆਪ ਨੇ ਉਸੇ ਕੰਬਲੀ ਦੀ ਬੁੱਕਲ ਮਾਰੀ ਸੀ। ਇਸ ਭਾਈ ਸੁਰਜਨ ਸਿੰਘ ਤੇ ਵੀ ਰਾਜ ਧ੍ਰੋਹ ਦਾ ਦੋਸ਼ ਲਾਕੇ ਉਸਨੂੰ ਉਮਰ ਕੈਦ ਕਾਲੇ ਪਾਣੀ ਅਤੇ ਜਾਇਦਾਦ ਜ਼ਬਤੀ ਦੀ ਸਜ਼ਾ ਦਿੱਤੀ ਗਈ ਸੀ।[3]

ਕੂਕਿਆਂ ਦੀ ਦੇਸ਼ ਭਗਤੀ ਅਤੇ ਅੰਗਰੇਜ਼ ਸਰਕਾਰ ਦੇ ਵਿਰੋਧ ਨੂੰ ਪਰਚੰਡ ਕਰਨ ਵਾਲੀ ਇਸੇ ਲੜੀ ਵਿੱਚ ਅਗਲਾ ਨਾਮ ਭਾਈ ਹਜਾਰਾ ਸਿੰਘ, ਪਿੰਡ ਰਾਈਆਂ, ਥਾਣਾ ਸਾਹਨੇਵਾਲ, ਜ਼ਿਲ੍ਹਾ ਲੁਧਿਆਣਾ ਦਾ ਹੈ। ਪਿੰਡ ਰਾਈਆਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਅਸਥਾਨ ਹੋਣ ਅਤੇ ਬਾਅਦ ਵਿਚ ਸਤਿਗੁਰੂ ਜੀ ਦਾ ਇਸੇ ਪਿੰਡ ਵਿਚੋਂ ਆਬਾਦ ਹੋਏ ਨਾਲ ਲਗਦੇ ਪਿੰਡ ਭੈਣੀ ਸਾਹਿਬ ਜਾ ਵੱਸਣ ਕਾਰਨ, ਦੋਹਾਂ ਪਿੰਡਾਂ ਦਾ ਸਾਂਝਾ ਨਾਮ "ਭੈਣੀ-ਰਾਈਆਂ" ਵੀ ਕਿਹਾ ਜਾਂਦਾ ਸੀ। ਭਾਈ ਹਜ਼ਾਰਾ ਸਿੰਘ ਦਾ ਜਨਮ 1877 ਈ. ਵਿੱਚ ਪਿਤਾ ਖਜ਼ਾਨ ਸਿੰਘ ਜ਼ਿਮੀਦਾਰ ਦੇ ਘਰ ਹੋਇਆ। ਪਿੰਡ ਦਾ ਨਾਮ ਰਾਈਆਂ ਇਸ ਦੇ ਜੱਟ ਵਸਨੀਕਾਂ ਦਾ ਗੋਤ ਰਾਇ ਹੋਣ ਤੋਂ ਪਿਆ ਸੀ। ਰਾਈਆਂ ਭੈਣੀ ਸਾਹਿਬ, ਚੱਕ ਸਰਵਣ ਨਾਥ ਅਤੇ ਮੰਜਾਲੀਆਂ ਆਦਿ ਆਸ-ਪਾਸ ਦੇ ਪੰਜ ਪਿੰਡ ਰਾਇ ਗੋਤੀ ਜੱਟਾਂ ਦੀ ਮਾਲਕੀ ਵਾਲੇ ਸਨ ਜਿੱਥੇ ਰਹਿੰਦੇ ਬੇਸ਼ਕ ਹੋਰ ਭਾਈਚਾਰੇ ਵੀ ਸਨ। ਹਜ਼ਾਰਾ ਸਿੰਘ ਵੀ ਰਾਇ ਗੋਤ ਦਾ ਜੱਟ ਹੀ ਸੀ। ਭੈਣੀ ਸਾਹਿਬ ਦੇ ਬਹੁਤ ਨੇੜੇ ਹੋਣ ਕਾਰਨ ਇਸ ਪਿੰਡ ਦੇ ਕੁਝ ਪਰਿਵਾਰ ਵੀ ਸਤਿਗੁਰੂ ਜੀ ਦੇ ਲੜ ਲੱਗ ਕੇ ਕੂਕੇ ਬਣ ਚੁੱਕੇ ਸਨ। ਉਹਨਾਂ ਪਰਿਵਾਰਾਂ ਵਿੱਚੋਂ ਭਾਈ ਹਜਾਰਾ ਸਿੰਘ ਦੇ ਪਿਤਾ ਖਜ਼ਾਨ ਸਿੰਘ ਦਾ ਪਰਿਵਾਰ ਵੀ ਸੀ। ਪੰਜਾਬ ਸਰਕਾਰ ਵੱਲੋਂ 1881 ਵਿੱਚ ਜਾਰੀ ਮਹੱਤਵਪੂਰਨ ਕੂਕਿਆਂ ਵਾਲੀ ਸੂਚੀ ਵਿੱਚ ਪਿੰਡ ਰਾਈਆਂ ਦੇ ਮੁਲਤਾਨ ਸਿੰਘ ਪੁੱਤਰ ਲੱਖਾ ਸਿੰਘ ਵਾਹੀਵਾਨ, 50 ਕੁ ਸਾਲ ਦੇ ਆਗੂ ਕੂਕੇ ਦਾ ਜ਼ਿਕਰ ਹੈ ਜੋ ਸਰਕਾਰ ਅੰਗਰੇਜ਼ੀ ਵਿਰੁੱਧ ਝਗੜਾਲੂ ਸੁਭਾਉ ਰੱਖਦਾ ਹੈ। ਮੰਗਲ ਸਿੰਘ ਪੁੱਤਰ ਮੋਹਰ ਸਿੰਘ ਜੋ ਪਾਠੀ ਸਿੰਘ ਹੈ ਅਤੇ ਉਮਰ 32 ਕੁ ਸਾਲ ਵੀ ਇਸੇ ਤਰ੍ਹਾਂ ਦਾ ਸਰਕਾਰ ਦਾ ਕੱਟੜ ਵਿਰੋਧੀ ਕੂਕਾ ਹੈ। ਮੰਗਲ ਸਿੰਘ ਪਾਸੋਂ ਵਾਰਬਰਟਨ ਪੁਲੀਸ ਕਪਤਾਨ ਲੁਧਿਆਣਾ ਨੇ 19 ਅਗਸਤ 1879 ਨੂੰ ਕੂਕਿਆਂ ਨਾਲ ਸੰਬੰਧਿਤ 3 ਹੁਕਮਨਾਮੇ ਅਤੇ ਹੋਰ ਪੱਤਰ ਪਕੜੇ ਸਨ।[4]

ਹੋ ਸਕਦਾ ਹੈ ਕਿ ਭਾਈ ਖਜ਼ਾਨ ਸਿੰਘ ਉੱਪਰ ਵਰਣਿਤ ਮਸਤਾਨ ਸਿੰਘ ਦਾ ਭਰਾ ਹੋਵੇ। ਖ਼ੈਰ ਕੁਝ ਵੀ ਹੋਵੇ ਭਾਈ ਹਜਾਰਾ ਸਿੰਘ ਦੇਸ਼ ਪ੍ਰੇਮ ਅਤੇ ਅੰਗਰੇਜ਼ ਸਰਕਾਰ ਵਿਰੁੱਧ ਅਥਾਹ ਨਫ਼ਰਤ ਅਤੇ ਗੁੱਸੇ ਦੇ ਮਾਹੌਲ ਵਿੱਚ ਪਲਿਆ ਤੇ ਵੱਡਾ ਹੋਇਆ। ਉਸਨੇ ਗੁਰਮੁਖੀ ਅੱਖਰਾਂ ਦੀ ਸੰਥਿਆ ਹਾਸਲ ਕੀਤੀ ਅਤੇ ਪੰਜ ਗ੍ਰੰਥੀ ਪੜ੍ਹਣ ਜੋਗ ਹੋ ਗਿਆ। ਇਹ ਸਮਾਂ ਆਰਥਿਕ ਮੰਦਵਾੜੇ ਦਾ ਸੀ। ਖੇਤੀ ਬਰਾਨੀ ਸੀ। ਮੀਂਹ ਪੈ ਨਹੀਂ ਸੀ ਰਿਹਾ। 1956 ਸੰਬਤ ਬਿਕਰਮੀ ਦਾ ਅਕਾਲ ਪਿਆ ਹੋਇਆ ਸੀ। ਨੱਸਣ-ਭੱਜਣ ਅਤੇ ਘੋੜ ਸੁਆਰੀ ਦਾ ਸ਼ੌਕੀਨ ਹਜਾਰਾ ਸਿੰਘ ਘਰ ਦੀ ਮੰਦਹਾਲੀ ਦਾ ਕੋਈ ਬਾਨਣੂ ਬੰਨ੍ਹਣ ਅਤੇ ਆਪਣੇ ਸ਼ੌਂਕ ਮੁਤਾਬਿਕ ਖੇਡਾਂ, ਕਰਤੱਬ ਕਰਨ ਵਾਸਤੇ, ਕੂਕਾ ਅਨੁਸ਼ਾਸ਼ਨ ਦੀ ਰਤਾ ਅਵੱਗਿਆ ਕਰਕੇ ਵੀ (ਜੋ ਕਿ ਸਰਕਾਰ ਅੰਗਰੇਜ਼ੀ ਨਾਲ ਬਾਈਕਾਟ ਦੀ ਨੀਤੀ ਤੇ ਚੱਲ ਰਹੇ ਸਨ), ਅੰਬਾਲਾ ਛਾਉਣੀ ਵਿੱਚ ਪੁੱਜ ਕੇ 1 ਦਸੰਬਰ 1899, 12 ਨੰਬਰ ਰਸਾਲੇ ਵਿੱਚ ਬਤੌਰ ਘੋੜ ਸੁਆਰ ਭਰਤੀ ਹੋ ਗਿਆ। ਉੱਥੇ ਉਸਨੇ ਬੜੀ ਮਿਹਨਤ ਕਰਕੇ ਜੰਗੀ ਖੇਡਾਂ, ਕਰਤੱਬਾਂ, ਘੋੜ-ਸੁਆਰੀ, ਨੇਜਾ ਬਾਜੀ ਵਿੱਚ ਨਿਪੁੰਨਤਾ ਹਾਸਲ ਕੀਤੀ। ਇਥੋਂ ਫਿਰ ਜਦੋਂ ਸਾਲ ਕੁ ਬਾਅਦ ਆਪ ਛੁੱਟੀ ਤੇ ਆਏ ਤਾਂ ਗੁਰੂ ਹਰੀ

ਸਿੰਘ ਜੀ ਦੇ ਦਰਸ਼ਨ ਕਰਕੇ ਅਵੱਗਿਆ ਦੀ ਖਿਮਾ ਯਾਚਨਾ ਕੀਤੀ ਅਤੇ ਉਹਨਾਂ ਨੂੰ ਬੇਨਤੀ ਕੀਤੀ ਕਿ ਉਹ ਛੁੱਟੀਆਂ ਵਿੱਚ ਜਦੋਂ ਆਇਆ ਕਰਨਗੇ, ਸਾਹਿਬਜ਼ਾਦਾ ਪ੍ਰਤਾਪ ਸਿੰਘ ਜੀ ਨੂੰ ਘੋੜ ਸੁਆਰੀ ਅਤੇ ਹੋਰ ਖੇਡਾਂ ਕਰਤਬ ਆਦਿ ਸਿਖਾਇਆ ਕਰਨਗੇ। ਬਾਲਕ ਸਤਿਗੁਰੂ ਜੀ ਅੱਗੇ ਹੀ ਇਸ ਤਰ੍ਹਾਂ ਦੇ ਸ਼ੌਂਕ ਰੱਖਦੇ ਸਨ ਅਤੇ ਉਹ ਕੁਝ ਸਮੇਂ ਵਿੱਚ ਹੀ ਨਿਪੁੰਨ ਘੋੜ ਸੁਆਰ ਬਣ ਗਏ ਸਨ। ਭੱਜੇ ਜਾਂਦੇ ਊਠ ਉੱਤੇ ਆਪ ਘੋੜੇ ਦੀਆਂ ਰਕਾਬਾਂ ਤੇ ਖੜ੍ਹੇ ਹੋ ਕੇ ਚੜ੍ਹ ਜਾਇਆ ਕਰਦੇ ਸਨ। ਆਪਣੇ ਦੋਵੇਂ ਕੰਨ ਫੜ ਕੇ ਘੋੜੇ ਤੇ ਚੜ੍ਹ ਜਾਂਦੇ ਸਨ। ਨੇਜ਼ੇਬਾਜ਼ੀ ਅਤੇ ਕਿੱਲਾ ਫੁੱਡਣ ਵਿੱਚ ਵੀ ਆਪ ਜੀ ਮਾਹਰ ਹੋ ਗਏ ਸਨ। ਇਤਿਆਦਿਕ ਕਰਤਬਾਂ ਦੇ ਸਤਿਗੁਰੂ ਜੀ ਦੇ ਸਿੱਖਿਆਦਾਤੇ, ਇਹ ਭਾਈ ਹਜਾਰਾ ਸਿੰਘ ਜੀ ਸਨ।

ਹੁਣ ਜਦੋਂ 1914 ਈ. ਵਿੱਚ ਇਹ ਗ਼ਦਰੀ ਸੂਰਮੇ ਦੇਸ਼ ਪੁੱਜੇ ਤਾਂ ਇਹਨਾਂ ਨੇ ਵੱਖ-ਵੱਖ ਛਾਉਣੀਆਂ ਵਿੱਚ ਬਗ਼ਾਵਤ ਕਰਨ ਲਈ ਮੁਹਿੰਮ ਵਿੱਢ ਲਈ। ਇਸੇ ਮੁਹਿੰਮ ਤਹਿਤ ਗ਼ਦਰ ਲਹਿਰ ਦਾ ਸ਼ਿਰੋਮਣੀ ਸ਼ਹੀਦ ਕਰਤਾਰ ਸਿੰਘ ਸਰਾਭਾ ਮੇਰਠ ਛਾਉਣੀ ਪੁੱਜਦਾ ਹੈ। ਗ਼ਦਰ ਲਹਿਰ ਨਾਲ ਬਹੁਤ ਨੇੜਿਉਂ ਜੁੜੇ ਰਹੇ ਅਤੇ ਉਮਰ ਭਰ ਇਸ ਤੇ ਤੱਥ ਪਰਨ ਖੋਜ ਕਰਨ ਵਾਲੇ ਗਿਆਨੀ ਕੇਸਰ ਸਿੰਘ ਹੋਰੀਂ ਬੇਸ਼ਕ ਇਸ ਲਹਿਰ ਬਾਰੇ ਵੱਡ ਆਕਾਰੀ ਇਤਿਹਾਸਿਕ ਨਾਵਲ ਲਿਖ ਚੁੱਕੇ ਹਨ ਪਰ ਇਸ ਵਿਚੋਂ ਵੀ ਇਤਿਹਾਸਿਕ ਘਟਨਾਵਾਂ ਦੀ ਨਿਸ਼ਾਨਦੇਹੀ ਕੀਤੀ ਜਾ ਸਕਦੀ ਹੈ।

(ਵਿਸ਼ਨੂੰ ਗਨੇਸ਼) ਪਿੰਗਲੇ ਵੀ ਲਾਹੌਰੋਂ ਬਚ ਕੇ ਮੇਰਠ ਵਾਲੇ ਟਿਕਾਣੇ ਉੱਤੇ ਪਹੁੰਚ ਗਿਆ ਸੀ। ਉਸ ਨੇ ਨਵੇਂ ਸਿਰਿਉਂ ਬਨਾਰਸ ਵਿੱਚ ਗੋਂਦ ਗੁੰਦੀ। ਕਰਤਾਰ ਸਿੰਘ ਤੇ ਸੁੱਚਾ ਸਿੰਘ ਨਾਲ ਫਰਵਰੀ ਦੇ ਪਹਿਲੇ ਹਫਤੇ (1915) ਵਿੱਚ ਬਣਾਏ ਸਬੰਧ ਉਸ ਨੇ ਇਕ ਸੌ ਅਠਾਈ ਪਾਇਨਿਅਰ ਤੇ ਰਸਾਲਾ ਨੰਬਰ 12 ਨਾਲ ਕਾਇਮ ਕੀਤੇ।

..ਉਸ ਨੇ ਰਾਸ ਬਿਹਾਰੀ (ਬੋਸ) ਨੂੰ ਮਿਲ ਕੇ ਇਸ ਗੱਲ ਉੱਤੇ ਜ਼ੋਰ ਦਿੱਤਾ ਕਿ ਬਨਾਰਸ ਦੇ ਗ਼ਦਰੀ ਫੌਜੀ ਤਿਆਰ ਹਨ, ਇਸ ਲਈ ਇਹ ਮੌਕਾ ਹੱਥੋਂ ਨਹੀਂ ਗੁਆਉਣਾ ਚਾਹੀਦਾ। ਰਾਸ ਬਿਹਾਰੀ ਨੇ ਸਲਾਹ ਦਿੱਤੀ "ਲਾਹੌਰ ਦਾ ਕੰਮ ਵਿਗੜ ਜਾਣ ਦੀ ਗੱਲ ਏਥੇ ਵੀ ਫੌਜੀਆਂ ਨੂੰ ਪਤਾ ਲੱਗ ਗਈ ਹੋਵੇਗੀ। ਇਸ ਲਈ ਏਧਰ ਦੇ ਫੌਜੀ ਵੀ ਢਿੱਲੇ ਪੈ ਗਏ ਹੋਣਗੇ। ਇਸ ਲਈ ਕੁਝ ਦਿਨ ਹੋਰ ਉਡੀਕ ਕਰਨੀ ਚਾਹੀਦੀ ਹੈ। ਠੰਢ-ਠੰਢੌਰਾ ਹੋਣ 'ਤੇ ਕੋਈ ਤਸਬੀਰ ਬਣਾਵਾਂਗੇ।

"ਨਹੀਂ ਦਾਦਾ! ਹੁਣ ਲੋਹਾ ਗਰਮ ਐ। ਸੱਟ ਮਾਰਨ ਦਾ ਵੇਲਾ ਹੁਣ ਹੀ ਹੈ।"

ਮੇਰਾ ਮਨ ਨਹੀਂ ਮੰਨਦਾ ਹੁਣੇ ਕਿਸੇ ਕੰਮ ਨੂੰ ਹੱਥ ਪਾਉਣ ਲਈ ਪਰ ਜੇ ਤੂੰ ਅੜਿਆ ਬੈਠਾ ਹੈ ਕੁਝ ਕਰਨ ਲਈ ਤਾਂ ਤੇਰੀ ਮਰਜ਼ੀ।

ਵਿਸ਼ਨੂੰ ਗਨੇਸ਼ ਪਿੰਗਲੇ ਦੂਜੇ ਦਿਨ ਮੇਰਠ ਮੁੜ ਗਿਆ। ਬਾਰਾਂ ਨੰਬਰ ਰਸਾਲੇ ਦੇ ਪਠਾਣ ਜਮਾਂਦਾਰ ਨਾਦਰ ਖਾਨ ਨੂੰ ਜਾ ਮਿਲਿਆ। ਉਹ ਪਹਿਲੋਂ ਵੀ ਉਸ ਨੂੰ ਕਈ ਵਾਰ ਮਿਲ ਚੁੱਕਾ ਸੀ। ਪਿੰਗਲੇ ਨੇ ਸਟੀਲ ਦਾ ਇੱਕ ਟਰੰਕ ਨਾਦਰ ਖਾਨ ਦੇ ਹਵਾਲੇ ਕਰਦਿਆਂ ਦੱਸਿਆ "ਇਸ ਟਰੰਕ ਵਿੱਚ ਦਸ ਬੰਬ ਹਨ, ਜੋ ਵੇਲਾ ਆਉਣ ਤੇ ਗੋਰੇ ਅਫ਼ਸਰਾਂ ਦੇ ਖਿਲਾਫ਼ ਵਰਤੇ ਜਾਣਗੇ।[5]

ਗ਼ਦਰੀਆਂ ਦੇ ਵਿਰੁੱਧ ਮੁਕੱਦਮੇ ਸੁਣਨ ਵਾਲੇ ਸਪੈਸ਼ਲ ਟਰਿਬਿਊਨਲ ਦੇ ਫੈਸਲੇ ਵਿੱਚ ਮੇਰਠ ਦਾ ਮੁਆਮਲਾ ਅਨੁਵਾਨ ਹੇਠ ਦਰਜ਼ ਹੈ। ਇੱਕ ਤਾਂ 12 ਨੰਬਰ ਰਸਾਲੇ ਦੇ ਜੈਮਾਰਾਂ ਬਾਰੇ ਯਤਨ ਹੈ। ਯਤਨ ਕੀਤੇ ਗਏ ਸਨ, ਮੇਰਠ ਦੇ ਇਹਨਾਂ ਫੌਜੀਆਂ ਨੂੰ ਗ਼ਦਰ ਲਈ ਤਿਆਰ ਕਰਨ ਵਿਚ ਜਿਸ ਵਿੱਚ ਉਹ ਸਫਲ ਵੀ ਹੋਏ। ਇਹ ਬਗ਼ਾਵਤ 21 ਫਰਵਰੀ ਨੂੰ ਹੋਣੀ ਸੀ। ਇਥੇ ਵਿਸ਼ਨੂੰ ਗਨੇਸ਼ ਪਿੰਗਲੇ ਕੁਝ ਬੰਬ ਦੇ ਵੀ ਗਿਆ ਸੀ ਜਿਸਨੂੰ (ਜਮਾਂਦਾਰ ਨਾਦਰ ਖਾਨ ਦੀ ਮੁਖਬਰੀ ਕਾਰਨ) 23 ਮਾਰਚ ਨੂੰ ਮੇਰਠ ਤੋਂ ਹੀ ਗ੍ਰਿਫਤਾਰ ਕਰ ਲਿਆ ਸੀ। ਅਸੀਂ ਇਹ ਵੀ ਜਾਣਦੇ ਹਾਂ ਕਿ ਇਸ ਰੈਜੀਮੈਂਟ ਦੇ ਦੋ ਵਿਅਕਤੀ ਫਾਂਸੀ ਤੇ ਲਟਕਾ ਦਿੱਤੇ ਗਏ ਹਨ।

ਨਾਦਰ ਖਾਨ ਦੀ ਅਗਵਾਹੀ ਤੋਂ ਹੋਰ ਪਤਾ ਚੱਲਦਾ ਹੈ ਕਿ ਉਸਨੂੰ ਅਮਰ ਸਿੰਘ ਬਿਗਲਚੀ ਨੇ ਦੱਸਿਆ ਸੀ ਕਿ ਸੁੱਚਾ ਸਿੰਘ, ਕਰਤਾਰ ਸਿੰਘ (ਸਰਾਭਾ) ਤੇ ਪਿੰਗਲੇ ਮੇਰਠ ਛਾਉਣੀ ਵਿੱਚ ਇਸੇ ਫਰਵਰੀ ਵਿੱਚ ਆਏ ਸਨ ਅਤੇ ਉਹ ਉਸਨੂੰ ਬਾਗੀ ਪ੍ਰਚਾਰ ਸਮੱਗਰੀ ਵੰਡਣ ਲਈ ਦੇ ਗਏ ਸਨ। ਉਹ ਇਹ ਵੀ ਕਹਿੰਦਾ ਹੈ ਕਿ ਪਿੰਗਲੇ ਨਾਲ ਉਸਦੀ ਜਾਣ ਪਹਿਚਾਣ ਈਸ਼ਰ ਸਿੰਘ ਸੋਖਾਰ (ਪਿੰਡ ਰਕਬਾ, ਜ਼ਿਲ੍ਹਾ ਲੁਧਿਆਣਾ) ਨੇ ਕਰਵਾਈ ਸੀ। ਉਸ ਸਮੇਂ ਨਾਦਰ ਖਾਨ ਨੇ ਭਾਂਵੇ ਝੂਠ-ਮੂਠ ਹੀ ਇਹ ਦਾਅਵਾ ਕੀਤਾ ਸੀ ਕਿ ਉਹ 50 ਬੰਦਿਆਂ ਨੂੰ ਲੈ ਕੇ ਇਸ ਬਗ਼ਾਵਤ ਵਿੱਚ ਸ਼ਾਮਲ ਹੋਣ ਲਈ ਤਿਆਰ ਹੈ। ਪਿੰਗਲੇ ਨੇ ਹੀ ਉਸਨੂੰ ਦੱਸਿਆ ਕਿ ਉਸਦੇ 300 ਆਦਮੀ ਇਸ ਕੰਮ ਲਈ ਫੀਰੋਜ਼ਪੁਰ ਛਾਉਣੀ ਵਿੱਚ ਅਤੇ ਹੋਰਨਾਂ ਥਾਂਈਂ ਵੀ ਅਨੇਕ ਹੋਰ ਤਿਆਰ ਹਨ। ਬਗ਼ਾਵਤ ਦਾ ਦਿਨ ਬਾਅਦ ਵਿੱਚ ਤਹਿ ਹੋਣਾ ਸੀ। ਉਸਨੂੰ ਦੱਸਿਆ ਗਿਆ ਕਿ ਹਮਲੇ ਵਾਲੇ ਦਿਨ ਮੇਰਠ ਦੇ ਸੈਨਿਕਾਂ ਨੇ ਉਸ ਰਾਤ

ਆਪਣੇ ਅਫਸਰਾਂ ਅਤੇ ਬਰਤਾਨਵੀ ਸੈਨਿਕਾਂ ਨੂੰ ਸੁੱਤੇ ਪਿਆਂ ਨੂੰ ਹੀ ਪਾਰ ਬੁਲਾ ਦੇਣਾ ਸੀ। ਇਸ ਤੋਂ ਬਾਅਦ ਨਾਦਿਰ ਖਾਨ ਨੇ ਪਿੰਗਲੇ ਦੁਆਰਾ ਬਨਾਰਸ ਤੋਂ ਬੰਬ ਮੰਗਵਾਏ ਅਤੇ ਫਿਰ ਉਸਨੂੰ ਪਕੜਵਾ ਦਿੱਤਾ।[6]

ਸ਼ਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪ੍ਰਕਾਸ਼ਿਤ ਇੱਕ ਕਿਤਾਬ ਵਿਚ ਦਰਜ ਹੈ- "ਰਸਾਲਾ ਨੰ:12 ਵਿੱਚ ਸਿਪਾਹੀ ਈਸ਼ਰ ਸਿੰਘ ਪਿੰਡ ਰਕਬਾ (ਲੁਧਿਆਣਾ)। ਤੇ ਸਿਪਾਹੀ (ਸੋਆਰ) ਨੰ: 310, ਹਜਾਰਾ ਸਿੰਘ ਪਿੰਡ ਭੈਣੀ ਰਾਈਆਂ (ਲੁਧਿਆਣਾ) ਜੋ ਮੇਰਠ ਛਾਉਣੀ ਵਿੱਚ ਤਾਇਨਾਤ ਸਨ, ਉਹਨਾਂ ਦਾ ਦੇਸ਼ ਭਗਤ ਪਿੰਗਲੇ ਨਾਲ ਮੇਲ ਹੋਇਆ ਜਿਸ ਰਾਹੀਂ ਡਾ. ਮਥਰਾ ਸਿੰਘ ਪੁੱਤਰ ਹਰੀ ਸਿੰਘ (ਢੁਡਿਆਲ ਜ਼ਿਲ੍ਹਾ ਜਿਹਲਮ) ਨਾਲ ਵੀ ਰਾਬਤਾ ਕਾਇਮ ਹੋ ਗਿਆ, ਜੋ ਉਸ ਸਮੇਂ ਦੇ ਮੰਨੇ-ਪਰਮੰਨੇ ਇਨਕਲਾਬੀ ਸਨ। ਦੋਹਾਂ ਵੀਰ ਸਿਪਾਹੀਆਂ ਨੇ ਆਜ਼ਾਦੀ ਦੀ ਲੜਾਈ ਵਿਚ ਵੱਧ ਚੜ੍ਹਕੇ ਹਿੱਸਾ ਲੈਣਾ ਸ਼ੁਰੂ ਕੀਤਾ। ਜਮਾਂਦਰ ਨਾਦਰ ਖਾਨ ਨੇ ਮੁਖਬਰੀ ਕਰਕੇ ਦੋਹਾਂ ਸਿੱਖ ਸਿਪਾਹੀਆਂ ਨੂੰ ਪਕੜਵਾ ਦਿੱਤਾ। ਇਹਨਾਂ ਦਾ ਕੋਰਟ ਮਾਰਸ਼ਲ ਹੋਇਆ ਤੇ ਦੋਹਾਂ ਨੂੰ ਫਾਂਸੀ ਦੇ ਦਿੱਤੀ ਗਈ।"[7]

ਸਮੱਰੀ ਕੋਰਟ ਮਾਰਸ਼ਲ 20 ਅਪ੍ਰੈਲ 1915 ਨੂੰ ਮੇਰਠ ਵਿਖੇ ਹੋਈ ਅਤੇ ਉਸੇ ਦਿਨ ਦੋਹਾਂ ਯੋਧਿਆਂ ਨੂੰ ਫਾਂਸੀ ਦੁਆਰਾ ਮੌਤ ਦੀ ਸਜ਼ਾ ਸੁਣਾਈ, ਜਿਸ ਤੇ ਅਮਲ ਦਰਾਮਦ 24 ਅਪ੍ਰੈਲ 1915 ਨੂੰ ਹੋਇਆ ਅਤੇ ਇਹ ਦੋਵੇਂ ਸੂਰਬੀਰ ਇਸ ਤਰ੍ਹਾਂ ਆਜ਼ਾਦੀ ਸ਼ਮ੍ਹਾਂ ਦੀ ਲਾਟ ਤੇ ਪਰਵਾਨਿਆਂ ਜਿਉਂ ਆਪਾਂ ਵਾਰ ਗਏ। ਇਹਨਾਂ ਦੇ ਇੱਕ ਸਮਕਾਲੀ ਗ਼ਦਰੀ ਭਾਈ ਹਰਭਜਨ ਸਿੰਘ (ਚਮਿੰਡਾ-ਲੁਧਿਆਣਾ) ਨੇ ਗ਼ਦਰੀ ਸੂਰਮਿਆਂ ਬਾਰੇ, ਆਪਣੀ ਸੰਖੇਪ ਕਾਵਿ ਰਚਨਾਂ ਲਹੂ ਭਿੰਨੀਆਂ ਯਾਦਾਂ ਵਿਚ ਇਉਂ ਲਿਖਿਆ ਹੈ-

"ਹਜਾਰਾ ਸਿੰਘ ਭੈਣੀ ਰਾਈਆਂ ਪਿੰਡ ਦਾ ਸੀ
ਪਾਈਆਂ ਜਿਹਲ ਦੇ ਵਿੱਚ ਸ਼ਹੀਦੀਆਂ ਨੇ।
ਇਹਨਾਂ ਲਹੂ ਦੇ ਰੰਗਿਆਂ ਫੱਟਿਆਂ ਤੇ,
ਗਈਆਂ ਲੱਗ ਸਮਾਧੀਆਂ ਜੀਹਦੀਆਂ ਨੇ।
ਰੂਹ ਰੰਗਲੀ ਉੱਠ ਅਸਮਾਨ ਚੜ੍ਹ ਗਈ,
ਗਲੇ ਰੱਸੀਆਂ ਲਟਕੀਆਂ ਦੀਹਦੀਆਂ ਨੇ।
ਬਿਨਾਂ ਆਪਣੇ ਸਾਥੀਆਂ ਕੌਣ ਦੱਸੇ,
ਲਾਸ਼ਾਂ ਲਟਕੀਆਂ ਕੀਹਦੀਆਂ ਕੀਹਦੀਆਂ ਨੇ।"

ਫਾਂਸੀ ਤੋਂ ਇੱਕ ਦਿਨ ਪਹਿਲਾਂ ਇਹਨਾਂ ਦੀ ਧਰਮ ਪਤਨੀ ਬੀਬੀ ਹਰਨਾਮ ਕੌਰ ਜਿਸ ਦਾ ਪਿੰਡ ਹਰਿਉਂ, ਸਮਰਾਲੇ ਦੇ ਪਾਸ ਸੀ, ਆਪਣੇ 6 ਮਹੀਨਿਆਂ ਦੇ ਪੁੱਤਰ ਹਰਬੰਸ ਸਿੰਘ ਅਤੇ ਹੋਰ ਪਰਿਵਾਰਿਕ ਜੀਆਂ ਸਮੇਤ ਮੇਰਠ ਛਾਉਣੀ ਵਿੱਚ ਆਈ ਸੀ। ਇਸ ਘਟਨਾ ਤੋਂ 85-90 ਸਾਲ ਬਾਅਦ ਮੈਂ ਰਾਈਆਂ ਪਿੰਡ ਵਿਖੇ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਅਸਥਾਨ ਦਾ ਦਰਸ਼ਨ ਕਰ ਰਿਹਾ ਸਾਂ। ਵਰਨੀਆਂ ਵਿੱਚ ਆਪਣੀ ਵਾਰੀ ਦੇ ਇੰਤਜ਼ਾਰ ਵਿਚ ਦੋ ਤਿੰਨ ਨਾਮਧਾਰੀ ਸਿੱਖ ਬੈਠੇ ਸਨ। ਮੈਂ ਉਹਨਾਂ ਨੂੰ ਪੁੱਛਿਆ ਕਿ ਤੁਹਾਡਾ ਪਿੰਡ? ਤਾਂ ਇਕ ਨੇ ਰਾਈਆਂ ਕਿਹਾ ਮੇਰਾ ਦੂਜਾ ਸੁਆਲ ਸੀ ਕਿ ਗ਼ਦਰ ਲਹਿਰ ਵਿੱਚ ਸ਼ਹੀਦ ਹੋਣ ਵਾਲੇ ਇਸੇ ਪਿੰਡ ਦੇ ਭਾਈ ਹਜਾਰਾ ਸਿੰਘ ਨੂੰ ਜਾਣਦੇ ਹੋ? ਜਿਸ ਬਜ਼ੁਰਗ ਨੂੰ ਮੈਂ ਪੁੱਛ ਰਿਹਾ ਸਾਂ ਉਹ ਬਿਜਲੀ ਦੇ ਕਰੰਟ ਜਿਉਂ ਛਾਲ ਮਾਰਕੇ ਉੱਠਿਆ ਅਤੇ ਕਹਿੰਦਾ- "ਉਹ ਮੇਰਾ ਪਿਉ ਸੀ।" ਮੇਰਾ ਸਿਰ ਉਹਨਾਂ ਦੇ ਚਰਨਾਂ ਵੱਲ ਝੁਕ ਗਿਆ। ਪਰ ਅਫਸੋਸ ਕਿ 6 ਮਹੀਨੇ ਦੀ ਉਮਰ ਵਿਚ ਪਿਤਾ ਨੂੰ ਆਖਰੀ ਵਾਰ ਤੱਕਣ ਵਾਲੇ ਪਾਸ ਉਸ ਨਾਲ ਸਬੰਧਿਤ ਯਾਦਾਂ ਕਿੰਨੀਆਂ ਕੁ ਹੋ ਸੱਕਦੀਆਂ ਹਨ।

ਭਾਈ ਹਜਾਰਾ ਸਿੰਘ ਦਾ ਇੱਕ ਹੋਰ ਭਾਈ ਸੀ ਜਿਹੜਾ ਸਾਰੀ ਉਮਰ ਬਿਹੰਗਮ ਹੀ ਰਿਹਾ। ਉਹਨਾਂ ਦੀਆਂ ਦੋ ਭੈਣਾਂ ਸਨ ਇੱਕ ਗੁਆਂਢੀ ਪਿੰਡ ਹੀਰਾਂ ਦੇ ਲਾਗਲੇ ਪਿੰਡ ਕਨੇਚ ਅਤੇ ਦੂਸਰੀ ਕੁਹਾੜੇ ਪਾਸ ਮਾਨਗੜ੍ਹ ਵਿੱਚ ਵਿਆਹੀ ਸੀ। ਹਜਾਰਾ ਸਿੰਘ ਦੀਆਂ ਦੋ ਸ਼ਾਦੀਆਂ ਸਨ। ਪਹਿਲੀ ਪਤਨੀ ਬੀਬੀ ਗੁਲਾਬ ਕੌਰ ਸੀ। ਇਸ ਵਿੱਚੋਂ ਦੋ ਪੁੱਤਰ ਹੋਏ- ਅਮਰ ਸਿੰਘ ਦੀਆਂ ਦੋ ਧੀਆਂ ਸਨ। ਬੀਬੀ ਗੁਰਦੇਵ ਕੌਰ ਸਾਹਨੇਵਾਲ ਅਤੇ ਬੀਬੀ ਸੁਰਜੀਤ ਕੌਰ ਸਾਹਨੇਵਾਲ ਦੇ ਲਾਗੇ ਪਿੰਡ ਟਿੱਬਾ ਵਿਆਹੀ ਸੀ। ਦੋਵੇਂ ਬੀਬੀਆਂ ਹੁਣ ਗੁਜ਼ਰ ਚੁੱਕੀਆਂ ਹਨ। ਮੇਵਾ ਸਿੰਘ ਦੇ ਚਰਨ ਸਿੰਘ ਅਤੇ ਬਲਵੰਤ ਸਿੰਘ ਦੋ ਪੁੱਤਰ ਸਨ ਜੋ ਦੋਵੇਂ ਵਿਦੇਸ਼ ਚਲੇ ਗਏ ਤੇ ਹੁਣ ਗੁਜ਼ਰ ਚੁੱਕੇ ਹਨ। ਇਹਨਾਂ ਦੀਆਂ ਚਾਰ ਬੇਟੀਆਂ ਸਨ ਸਵ. ਸ੍ਰੀਮਤੀ ਚਰਨ ਕੌਰ, ਮੁਖਤਿਆਰ ਕੌਰ, ਕਰਤਾਰ ਕੌਰ ਅਤੇ ਬਖਸ਼ੀਸ਼ ਕੌਰ ਜੀ ਸਿਆਹੜ (ਲੁਧਿਆਣਾ) ਵਿਖੇ ਵਿਆਹੀ ਸੀ।

ਸ਼ਹੀਦ ਦੇ ਦੂਸਰੇ ਪਰਿਵਾਰ ਵਿੱਚੋਂ ਇਕਲੌਤੇ ਪੁੱਤਰ ਹਰਬੰਸ ਸਿੰਘ ਦਾ ਅਨੰਦ ਕਾਰਜ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਹਜ਼ੂਰੀ ਵਿਚ ਖਮਾਣੋ ਕੋਲ ਲਖਨਪੁਰ ਦੀ ਬੀਬੀ ਧੰਨ ਕੌਰ ਨਾਲ ਹੋਇਆ ਸੀ। ਇਸ ਜੋੜੀ ਦੇ ਪੰਜ ਪੁੱਤਰ ਹੋਏ ਸਨ। ਵੱਡਾ ਮਹਿੰਦਰ ਸਿੰਘ ਜਿਸ ਦੀਆਂ ਛੇ ਬੇਟੀਆਂ ਅਤੇ ਇੱਕ ਪੁੱਤਰ ਹਰਭਜਨ ਸਿੰਘ ਕੈਨੇਡਾ ਵਿੱਚ ਹੈ। ਦੂਜਾ ਦਰਸ਼ਨ ਸਿੰਘ ਵਿਆਹਿਆ ਨਹੀਂ। ਤੀਜਾ ਤਰਨ ਸਿੰਘ ਵੀ

ਅਣਵਿਆਹਿਆ ਸੀ, ਉਹ ਚੱਲ ਵੱਸਿਆ ਹੈ। ਪਰੇਮ ਸਿੰਘ ਦੇ ਰਾਜਬੀਰ ਸਿੰਘ ਅਤੇ ਅਮਨਦੀਪ ਸਿੰਘ ਦੋ ਪੁੱਤਰ ਹਨ। ਰਾਜਬੀਰ ਸਿੰਘ ਨੂੰ ਉਸਦੇ ਤਾਏ ਦਰਸ਼ਨ ਸਿੰਘ ਨੇ ਮੁਤਬੰਨਾ ਬਣਾ ਲਿਆ ਹੈ। ਪੰਜਵਾਂ ਗੁਰਮੇਲ ਸਿੰਘ ਵੀ ਅਣਵਿਆਹਿਆ ਹੀ ਚਲਾ ਗਿਆ ਹੈ। ਸ਼ਹੀਦਾਂ ਦੇ ਪਰਿਵਾਰਾਂ ਦੀ ਵਰਤਮਾਨ ਦਸ਼ਾ ਤੇ ਇਸ ਤੋਂ ਬਿਹਤਰ ਤਬਸਰਾ ਹੋਰ ਕੀ ਹੋ ਸਕਦਾ ਹੈ। ਕਿਤਨਾ ਸਮਾਂ ਲੱਗਿਆ ਕਿ ਭਾਰਤ ਸਰਕਾਰ ਨੇ ਗ਼ਦਰ ਪਾਰਟੀ ਲਹਿਰ ਜਾਂ ਕੂਕਾ ਲਹਿਰ ਦੇ ਸ਼ਹੀਦਾਂ ਨੂੰ ਸ਼ਹੀਦ ਹੀ ਨਹੀਂ ਮੰਨਿਆ। ਓੜਕ ਗ਼ਦਰੀ ਬਾਬਿਆਂ, ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਅਤੇ ਸੀਨੀਅਰ ਐਡਵੋਕੇਟ ਸ. ਮਲਵਿੰਦਰ ਸਿੰਘ ਵੜੈਚ ਦੇ ਯਤਨਾਂ ਨਾਲ, ਹਾਈਕੋਟ ਦਾ ਬੂਹਾ ਖੜਕਾਉਣ ਬਾਅਦ ਸ਼ਹੀਦ ਤਾਂ ਮੰਨ ਲਿਆ ਪਰ ਇਹਨਾਂ ਦੇ ਪਰਿਵਾਰਾਂ ਨੂੰ ਹੋਰਨਾਂ ਦੇਸ਼ ਭਗਤ ਪਰਿਵਾਰਾਂ ਜਿਉਂ ਸਰਕਾਰੀ ਸਹੂਲਤਾਂ ਨਹੀਂ ਮਿਲੀਆਂ ਕਿਉਂਕਿ ਸਰਕਾਰ ਦਾ ਕਾਨੂੰਨ ਹੈ ਕਿ ਇਹ ਰਿਆਇਤ ਸਿਰਫ ਇਹਨਾਂ ਦੀਆਂ ਤਿੰਨ ਪੀਹੜੀਆਂ ਤੱਕ ਹੀ ਮਿਲੇਗੀ। ਇਸ ਸੰਬੰਧ ਵਿੱਚ ਪੰਜਾਬ ਸਰਕਾਰ ਨੂੰ ਉਹਨਾਂ ਪਰਿਵਾਰਾਂ ਲਈ ਆਪਣੇ ਫੈਸਲੇ ਤੇ ਪੁਨਰ ਵਿਚਾਰ ਕਰਨੀ ਚਾਹੀਦੀ ਹੈ, ਜਿਹਨਾਂ ਹੁਣ ਤੱਕ ਸਰਕਾਰ ਤੋਂ ਕੋਈ ਰਿਆਇਤ ਨਹੀਂ ਲਈ।

ਸ਼ਹੀਦ ਜੀ ਦੀ ਨੂੰਹ ਬੀਬੀ ਧੰਨ ਕੌਰ ਨੇ ਗੁਰਦੁਆਰਾ ਭੈਣੀ ਸਾਹਿਬ ਵਿੱਚ ਬਹੁਤ ਸੇਵਾ ਕੀਤੀ ਹੈ। ਰਾਈਆਂ ਦੇ ਲੰਬੜਦਾਰ ਦਰਬਾਰਾ ਸਿੰਘ ਜੋ 1947 ਤੋਂ ਬਾਅਦ ਜੀਵਨ ਨਗਰ ਜਾ ਵੱਸੇ ਸਨ, ਮਾ. ਸ਼ੇਰ ਸਿੰਘ, ਤੇਜਾ ਸਿੰਘ ਦੇ ਪਿਤਾ ਉਹਨਾਂ ਦੇ ਘਰੋਂ ਵੀ ਬੀਬੀ ਧੰਨ ਕੌਰ ਦੀ ਸਕੀ ਭੈਣ ਸੀ। ਬੀਬੀ ਧੰਨ ਕੌਰ ਗੁਰਦੁਆਰਾ ਭੈਣੀ ਸਾਹਿਬ ਵਿੱਚ ਲਪਾਈ-ਪੁਚਾਈ ਦੀ ਵੱਡੀ ਸੇਵਾ ਕਰਿਆ ਕਰਦੇ ਸਨ। ਉਹਨਾਂ ਨੇ ਇੱਕ ਵੇਰ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਅਰਜ਼ ਕੀਤੀ ਕਿ ਆਪਾਂ ਵੀ ਹੁਣ ਆਪਣਾ ਡੇਰਾ ਪੱਕਾ ਕਰ ਲਈਏ ਤਾਂ ਸਤਿਗੁਰੂ ਜੀ ਨੇ ਆਪਣੇ ਮਹਿਲ ਮਾਤਾ ਚੰਦ ਕੌਰ ਜੀ ਵੱਲ ਇਸ਼ਾਰਾ ਕਰਕੇ ਕਿਹਾ ਸੀ- "ਇਹੀ ਕਰਨਗੇ ਸਭ ਕੁਝ ਜੋ ਵੀ ਕਰਨਾ ਹੈ, ਇਥੇ।" ਅੱਜ ਵਰਤਮਾਨ ਗੁਰਦੁਆਰਾ ਸ੍ਰੀ ਭੈਣੀ ਸਾਹਿਬ ਬੀਬੀ ਧੰਨ ਕੌਰ ਜਿਹੀਆਂ ਮਾਤਾਵਾਂ ਦੀ ਇੱਛਾ ਪੂਰਤੀ ਦਾ ਹੀ ਨਤੀਜਾ ਹੈ।[8]

ਆਪਣੇ ਜਾਬਾਜਾਂ ਦੀ ਕੀਰਤੀ ਭੁੱਲ ਜਾਣਾ ਨਾ ਮੁਆਫੀ ਜੋਗ ਅਪਰਾਧ ਹੈ। ਸ਼ਾਇਰ ਦਾ ਕਥਨ ਹੈ-

"ਜੋ ਵਤਨ ਪੇ ਨਿਸਾਰ ਹੋਤੇ ਹੈਂ
ਉਨਕੋ ਹਾਸਿਲ ਕਫਨ ਨਹੀਂ ਹੋਤਾ।
ਮਾਨੇ ਜਾਤੇ ਹੈਂ ਵੋਹ ਵਤਨ ਪਰਿਵਰ,
ਜਿਨਮੇਂ ਦਰਦੇ ਵਤਨ ਨਹੀਂ ਹੋਤਾ।
ਨਹੀਂ ਉਨ ਕੀ ਤੁਰਬਤ ਪੇ,
ਇਕ ਭੀ ਦੀਆ ਜਿਨ ਕੇ ਖ਼ੂੰਸੇ ਜਲੇ ਥੇ ਚਿਰਾਗੇ ਵਤਨ।
ਜਗਮਗਾਤੇ ਹੈਂ ਆਜ ਮਕਬਰੇ ਉਨ ਕੇ,
ਜੋ ਸ਼ਹੀਦੋਂ ਕੇ ਬੇਚਤੇ ਥੇ ਕਫਨ।"

ਕੀ ਪੰਜਾਬ ਸਰਕਾਰ ਭਾਈ ਹਜਾਰਾ ਸਿੰਘ ਰਾਈਆਂ ਦੇ ਨਾਮ ਤੇ ਰਾਈਆਂ ਤੋਂ ਕੂਮ ਨੂੰ ਜਾਣ ਵਾਲੀ ਸੜਕ ਦਾ ਨਾਮ ਰੱਖਣ ਦਾ ਛੋਟਾ ਜਿਹਾ ਕੰਮ ਕਰਕੇ, ਸ਼ਹੀਦੀ ਰਿਣ ਤੋਂ ਮੁਕਤ ਹੋਣਾ ਨਹੀਂ ਚਾਹੇਗੀ?

### ਹਵਾਲੇ ਅਤੇ ਟਿੱਪਣੀਆਂ


1. ਸੋਹਣ ਸਿੰਘ ਜੋਸ਼, ਹਿੰਦੁਸਤਾਨ ਗ਼ਦਰ ਪਾਰਟੀ ਦਾ ਸੰਖੇਪ ਇਤਿਹਾਸ, ਚੇਤਨਾ ਪ੍ਰਕਾਸ਼ਨ, ਲੁਧਿਆਣਾ, ਮਈ 2007, ਸਫਾ 174-75.

2. ਭਗਤ ਸਿੰਘ ਬਿਲਗਾ, ਗਦਰ ਲਹਿਰ ਦੇ ਅਣਫੋਲੇ ਵਰਕੇ, 1998, ਦੇਸ਼ ਭਗਤ ਯਾਦਗਾਰ ਹਾਲ, ਜਲੰਧਰ, ਸਫਾ 48-49 ਵਿਚੋਂ ਉਦਰਿਤ

3. ਮਲਵਿੰਦਰਜੀਤ ਸਿੰਘ, ਹਰਿੰਦਰ ਸਿੰਘ, ਵਾਰ ਮਾਗੇਂਸਟ ਕਿੰਗ ਐਮਪਰਰ, ਗਦਰ ਆਫ 1914-15 (ਏ ਵਰਡਿਕਟ ਬਾਈ ਸਪੈਸ਼ਲ ਟਰਿਬਿਊਨ, 2001, ਭਾਈ ਸਾਹਿਬ ਰਣਧੀਰ ਸਿੰਘ ਟਰਸਟ, ਸਰਾਭਾ ਨਗਰ, ਲੁਧਿਆਣਾ, ਸਫਾ 442.

4. ਜਸਵਿੰਦਰ ਸਿੰਘ, ਕੂਕਾਜ਼ ਆਫ ਨੋਟ ਇਨ ਦਾ ਪੰਜਾਬ 1881, ਸਫਾ 20-21 ਅਤੇ 22-23.

5. (ਗਿਆਨੀ) ਕੇਸਰ ਸਿੰਘ, ਹਥਿਆਰਬੰਦ ਇਨਕਲਾਬ, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਜੁਲਾਈ 1998, ਸਫਾ 335.

6. ਮਲਵਿੰਦਰ ਸਿੰਘ, ਹਰਿੰਦਰ ਸਿੰਘ, ਸਫਾ 226-27.

7. ਕਰਨਲ ਡਾ. ਦਲਵਿੰਦਰ ਸਿੰਘ ਗਰੇਵਾਲ, ਸਿੱਖ ਸ਼ਹੀਦੀ ਲਹਿਰਾਂ-ਭਾਗ 2, ਅੰਮ੍ਰਿਤਸਰ, 2005, ਸਫਾ 143.

8 ਸ਼ਹੀਦ ਦੇ ਪੜਪੋਤੇ ਰਾਜਬੀਰ ਸਿੰਘ ਨਾਲ ਲੇਖਕ ਦੀ ਅੱਸੂ ਦਾ ਮੇਲਾ 2025, ਸਮੇਂ ਸ੍ਰੀ ਭੈਣੀ ਸਾਹਿਬ ਹੋਈ ਮੁਲਾਕਾਤ ਤ ਆਧਾਰਿਤ



ਦਫ਼ਤਰ

ਜ਼ਿਲ੍ਹਾ ਮੈਜਿਸਟ੍ਰੇਟ ਲੁਧਿਆਣਾ

(ਫੁਟਕਲ ਸ਼ਾਖਾ)

OFFICE

DISTT. MAGISTRATE LUDHIANA

(MA Branch)

No. ਨੰ. 44 /MA

ਮਿਤੀ Dated

**ਸਰਟੀਫਿਕੇਟ**

ਤਸਦੀਕ ਕੀਤਾ ਜਾਂਦਾ ਹੈ ਕਿ ਸ੍ਰੀ ਪ੍ਰੇਮ ਸਿੰਘ ਪੁੱਤਰ ਸ:ਹਰਬੰਸ ਸਿੰਘ ਵਾਸੀ ਪਿੰਡ ਰਾਈਆ ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ ਜੋ ਕਿ ਸ੍ਰੀ ਹਜਾਰਾ ਸਿੰਘ ਰਾਏ ਨਾਮਧਾਰੀ (ਸੁਤੰਤਰਤਾ ਸੰਗਰਾਮੀ) ਜੋ ਕਿ ਕੂਕਾ ਲਹਿਰ ਵਿਚ ਸ਼ਹੀਦ ਹੋ ਗਏ ਸਨ ਦਾ ਪੋਤਰਾ ਹੈ।ਇਹ ਸਰਟੀਫਿਕੇਟ ਪੰਜਾਬ ਸਰਕਾਰ ਦੇ ਮੀਮੋ ਨੰ:1/2/2009-10ਪੀ3/170 ਮਿਤੀ:06-02-10 ਅਤੇ ਮੀਮੋ ਨੰ:1/2/2009-10ਪੀ3/1628 ਮਿਤੀ:03-12-10 ਅਤੇ ਉਪ ਮੰਡਲ ਮੈਜਿਸਟਰੇਟ ਲੁਧਿਆਣਾ (ਪੂਰਬੀ) ਪਾਸੋ ਪ੍ਰਾਪਤ ਹੋਈ ਪੜਤਾਲ ਪਿੱਠ:ਅੰਕਣ:ਨੰਬਰ 2418/ਐਸ.ਡੀ.ਸੀ ਮਿਤੀ:29-07-10 ਦੇ ਅਧਾਰ ਤੇ ਜਾਰੀ ਕੀਤਾ ਜਾਂਦਾ ਹੈ।

ਵਧੀਕ ਡਿਪਟੀ ਕਮਿਸ਼ਨਰ
ਲੁਧਿਆਣਾ।

**ਗਦਰੀ ਸ਼ਹੀਦ ਹਜਾਰਾ ਸਿੰਘ ਦਾ ਸਪੁੱਤਰ ਸ. ਹਰਬੰਸ ਸਿੰਘ ਰਾਏ ਦੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਯਾਦਗਾਰੀ ਤਸਵੀਰ**



# 'ਕੂਕਾ ਕਾਰ' ਦੇ ਮਰਮ ਦੀ ਲੋਅਵਾਨ ਪ੍ਰਾਪਤੀ
## ਕੂਕਾ ਲਹਿਰ ਦੇ ਅਮਰ ਨਾਇਕ – I, II, III




**– ਸੁਮੇਲ ਸਿੰਘ ਸਿੱਧੂ**
(ਇਤਿਹਾਸਕਾਰ ਅਤੇ ਡਾਇਰੈਕਟਰ, ਅਦਾਰਾ 23 ਮਾਰਚ)
ਸੰਪਰਕ: 9464984010


ਇਹੋ ਧੁਨਾਂ ਅਤੇ ਸ਼ੈਲੀ, ਵੈਰਾਗ ਦਾ ਪਹਿਰਾ, ਸ਼ਬਦ ਨੂੰ ਪੁਰਜ਼ੋਰ ਢੰਗ ਨਾਲ ਪੜ੍ਹਨਾ- ਸੰਗਤਾਂ ਨੂੰ ਮਸਤਾਨੀਆਂ ਹੋਣ ਲਈ ਤੁਣਕਾ ਮਾਰਦਾ ਸੀ, ਪ੍ਰੇਰਨਾ ਦਿੰਦਾ ਸੀ। ਦੀਵਾਨ ਦੀ ਸਫ਼ਲਤਾ ਦਾ ਇੱਕ ਮਾਪ ਮਸਤਾਨੇ ਹੋਣ ਵਾਲਿਆਂ ਦੀ ਗਿਣਤੀ ਨਾਲ ਵੀ ਅੰਗਿਆ ਜਾਂਦਾ ਸੀ। ਇਸ ਕਿਸਮ ਦੇ ਸੰਗਤੀ ਤੌਰ 'ਤੇ ਵਿਦੇਹ ਹੋਣ ਦੇ ਸਬੱਬ ਭਾਈਚਾਰਕ ਪੰਥਕ ਭਾਵਨਾ ਵੀ ਸਿਰਜਦੇ ਅਤੇ ਅਨੁਭਵ ਨੂੰ ਹੋਰ ਨਿਰਮਲ ਕਰਦੇ। ਫਿਰੰਗੀ ਨਾਲ ਸਿੱਧੀ ਟੱਕਰ ਤੋਂ ਪਹਿਲਾਂ ਵੀ ਲੋਕ ਲਾਮਬੰਦੀ ਹਿਤ ਹੱਲੇ ਦੇ ਦੀਵਾਨ ਇੱਕ ਮਾਧਿਅਮ ਸਨ, ਪਰ 1872 ਤੋਂ ਬਾਅਦ ਇਸ ਸੰਸਥਾ- ਹੱਲੇ ਦਾ ਦੀਵਾਨ -ਦਾ ਸੋਭਾ ਗਾਣ ਨਾਮਧਾਰੀ ਪੰਥ ਦੀ ਅੰਦਰੂਨੀ ਅਨੁਭਵਕਾਰੀ ਅਤੇ ਬਾਹਰਲੀ ਏਕਤਾ ਨੂੰ ਸਿੰਜਦਾ ਸੀ। ਇਸ ਪਰੰਪਰਾ ਨਾਲ ਜੁੜੇ ਪੁਰਖਾਂ ਦੀ ਮਹਿਮਾ ਲੋਕ ਬਾਣੀ ਵਿਚ ਫੈਲ ਗਈ ਸੀ, ਉਦਾਹਰਣ ਵਜੋਂ ਗ਼ਦਰ ਪਾਰਟੀ ਦੇ ਮੋਢੀ ਪ੍ਰਧਾਨ ਬਾਬਾ ਸੋਹਨ ਸਿੰਘ ਭਕਨਾ ਨੂੰ ਕੂਕਾ ਲਹਿਰ ਨਾਲ ਜੋੜਨ ਵਾਲੇ ਸੰਤ ਕੇਸਰ ਸਿੰਘ ਮੁਹਾਵਾ ਨੂੰ ਮਾਝੇ ਦੀਆਂ ਬੀਬੀਆਂ ਚਰਖਾ ਕੱਤਦਿਆਂ ਸ਼ਬਦ ਪੜ੍ਹਦੀਆਂ- 'ਘਰ ਆ ਜਾ ਬਾਬਾ ਕੇਸਰਾ ! ਮੈਂ ਕੇਸਰ ਕੇਸਰ ਕਰਦੀ !'

ਮਾਝੇ ਦੀ ਲੋਕਾਈ ਵਿਚ ਆਦਰਯੋਗ ਹਸਤੀ ਅਤੇ ਸਮਤਾ-ਮੂਲਕ ਸਮਾਜ ਦੇ ਨਿਸ਼ਾਨੇ ਪ੍ਰਤੀ ਸੁਚੇਤ ਬਾਬਾ ਕੇਸਰ ਜੀ ਮਸਤਾਨੇ ਹੋਏ ਨਿਰਤ ਕਰਦੇ, ਆਪਣੇ ਕੱਪੜੇ ਲਾਹ-ਪਾੜ ਦਿੰਦੇ ਅਤੇ ਇਉਂ 'ਸਰਮਦ-ਸਰੂਪ' ਹੋ ਰਹਿੰਦੇ। ਇੱਕ ਵਾਰ ਬਾਦਸ਼ਾਹੀ ਮਸਜਿਦ ਲਾਹੌਰ 'ਕੇਸਰ ਵਾਹਿਗੁਰੂ-ਵਾਹਿਗੁਰੂ ਕੇਸਰ' ਕਰਦਿਆਂ ਵਹਿਦਤ ਦੇ ਰੰਗ ਵਿਚ ਰੱਤੇ ਹੋਏ ਪੁੱਜੇ ਤਾਂ 'ਅੱਲਾ ਆਇਆ, ਅੱਲਾ ਆਇਆ। ਮੈਂ ਅੱਲਾ, ਮੈਂ ਵਾਹਿਗੁਰੂ' ਦੀ ਮੁਹਾਰਨੀ ਸ਼ੁਰੂ ਕਰ ਦਿੱਤੀ। ਲੋਕਾਂ ਨੇ ਹਜ਼ਰਤ ਮਨਸੂਰ ਹੋਣ ਦੇ ਰੁਤਬੇ ਦੇ ਛੱਡੇ। ਅਜਿਹੇ ਪੁਰਖ ਨੂੰ ਬਾਬਾ ਭਕਨਾ ਜਦੋਂ 'ਧਰਮ-ਨਿਰਪੱਖ, ਅਫ਼ਿਰਕੂ, ਛੂਆ-ਛੂਤ ਦੇ ਵਿਰੋਧੀ, ਜਮਹੂਰੀ ਵਿਚਾਰਾਂ ਦੇ ਧਾਰਨੀ ਅਤੇ ਹਰ ਤਰ੍ਹਾਂ ਦੀਆਂ ਮਜ਼੍ਹਬੀ ਵਲਗਣਾਂ ਤੋਂ ਉੱਪਰ ਉੱਠ ਕੇ, ਮਨੁੱਖ ਮਾਤਰ ਦਾ ਭਲਾ ਲੋਚਣ ਵਾਲੇ ਮਹਾਂਪੁਰਖ' ਕਹਿੰਦੇ ਹਨ ਤਾਂ ਕੂਕਾ ਲਹਿਰ ਦੇ ਜੁੜਵੇਂ ਤੱਤ ਵਜੋਂ ਨਵੇਂ ਸਮਾਜ ਦੇ ਸਿਰਜਕ ਹਿਰਾਵਲ ਦਸਤੇ ਦੀ ਨੁਹਾਰ ਦਿਸਣੀ ਸ਼ੁਰੂ ਹੁੰਦੀ ਹੈ। ਵਿਰਕ ਜੀ ਦਾ ਬਿਆਨ ਦੱਸਦਾ ਹੈ ਕਿ ਤਵਾਇਫ਼ਾਂ ਨਵੀਂ ਜ਼ਿੰਦਗੀ ਸ਼ੁਰੂ ਕਰਨ ਲਈ ਕੂਕਾ ਲਹਿਰ ਵਿੱਚ ਆਉਂਦੀਆਂ ਹਨ; ਸਿੰਘ ਸਭਾਈ ਮਰਿਆਦਾ ਵਾਲੇ ਨੌਜਵਾਨ ਕੂਕੇ ਬਣਦੇ ਹਨ; ਮੁਸਲਮਾਨ ਵੀ ਕੂਕਾ ਪੰਥ ਵਿੱਚ ਸ਼ਾਮਿਲ ਹੁੰਦੇ ਹਨ; ਉਦਾਸੀਆਂ, ਨਿਰਮਲਿਆਂ ਅਤੇ ਗੁਲਾਬਦਾਸੀਆਂ ਆਦਿ ਸੰਪਰਦਾਵਾਂ ਵਿਚੋਂ ਵੀ ਕੂਕੇ ਸਜਦੇ ਹਨ। ਇਹ ਸਾਰੀ ਤਫ਼ਸੀਲ ਅਤੇ ਪ੍ਰਸੰਗਲੀਆਂ ਇਹਨਾਂ ਜੀਵਨੀਆਂ ਨੂੰ ਇਕਹਿਰਾ ਬਿਆਨ ਨਹੀਂ ਰਹਿਣ ਦਿੰਦੇ ਸਗੋਂ ਡੇਢ ਸਦੀ ਪੁਰਾਣੇ ਪੰਜਾਬ ਦੀ ਲੈਅ-ਲਟਕ ਦੇ ਭਰਪੂਰ ਮੰਜ਼ਰ ਬਿਆਨ ਹੁੰਦੇ ਹਨ। ਇਤਿਹਾਸ ਸਾਖੀ ਹੈ ਕਿ ਸ਼ੀਆ ਮੁਸਲਮਾਨ ਜਦੋਂ ਮੁਹੱਰਮ ਵੇਲੇ ਇਮਾਮ ਹਸਨ ਹੁਸੈਨ ਦੀ ਕਰਬਲਾ ਵਿੱਚ ਸ਼ਹਾਦਤ ਦਾ ਜ਼ਿਕਰ ਕਰਦੇ, ਤਾਜ਼ੀਏ ਨਿਕਲਦੇ ਤਾਂ ਹਾਲ ਤਾਰੀ ਹੋ ਜਾਂਦਾ ਸੀ। ਮੁਸਲਮਾਨ ਔਰਤਾਂ ਜਦੋਂ ਪਿੰਡਾਂ ਵਿਚ ਕਰਬਲਾ ਨਾਲ ਜੁੜੇ ਵੈਰਾਗ ਦੇ ਪੰਜਾਬੀ ਗੀਤ ਛੋਂਹਦੀਆਂ, ਕਾਲੇ ਵਸਤਰ ਪਹਿਨਦੀਆਂ ਅਤੇ ਸੋਗ ਵਿੱਚ ਵੈਣ ਪਾਉਂਦੀਆਂ ਤਾਂ ਹਿੰਦੂ-ਸਿੱਖ ਘਰਾਂ ਦੀਆਂ ਔਰਤਾਂ ਵੀ ਉਦਾਸ, ਸੋਗਵਾਰ ਰਹਿੰਦੀਆਂ ਅਤੇ ਮੁਸਲਮਾਨ ਔਰਤਾਂ ਦੀ ਦਿਲਬਰੀ ਕਰਦੀਆਂ। ਹੱਲੇ ਦੇ ਦੀਵਾਨ ਅਤੇ ਮੁਹੱਰਮ ਦੇ ਦਿਨਾਂ ਵਿਚ ਵਿਜੋਗ, ਤੜਪ ਅਤੇ ਨਿਹੱਕੇ ਦਮਨ ਦੀ ਪੀੜ ਦੀ ਸਾਂਝੀ ਤੰਦ ਪੰਜਾਬ ਦੇ ਲੋਕ-ਸਭਿਆਚਾਰ ਨੂੰ ਸਮਝਣ ਵਿਚ ਸਾਡੀ ਮਦਦ ਕਰਦੀ ਹੈ। ਪਿੰਡ ਜਾਂ ਇਲਾਕਾਈ ਪੱਧਰ ਦੇ ਵਸੇਬ ਵਿਚ ਸਰਕਾਰ ਦੇ ਫ਼ਰਮਾਬਰਦਾਰਾਂ ਦੇ ਪੇਂਡੂ ਰੁਕਨਾਂ ਨਾਲ ਝੜਪਾਂ ਅਤੇ ਸਿੰਘ ਸਭੀਆਂ ਜਾਂ ਬਾਅਦ ਵਿਚ ਅਕਾਲੀ ਮਰਿਆਦਾ ਵਾਲਿਆਂ ਨਾਲ ਵਾਦ-ਵਿਵਾਦ ਕਿਵੇਂ ਹੁੰਦੇ-ਸੁਲਝਦੇ ਸਨ, ਇਹ ਸਭ ਵਾਰਦਾਤਾਂ ਇਹਨਾਂ ਜੀਵਨੀਆਂ

ਰਾਹੀਂ ਸਾਨੂੰ ਜਾਣੂ ਕਰਵਾਉਂਦੀਆਂ ਹਨ। ਅੰਗਰੇਜ਼ ਬਸਤੀਵਾਦ-ਵਿਰੋਧ ਨੂੰ ਕੂਕਾ ਕਾਰ ਦਾ ਧੁਰਾ ਮੰਨਿਆ ਜਾਣਾ ਚਾਹੀਦਾ ਹੈ।

ਇਸ ਧੁਰੇ ਦਾ ਦੂਜਾ ਅਹਿਮ ਵਿਸਥਾਰ 'ਰਾਮ-ਵਿਯੋਗੀ' ਹੋਣ ਦੇ ਦਰਜੇ ਦਾ ਹੈ। ਇਸ ਸਦਕਾ ਨਾਮਧਾਰੀ ਸੰਗਤ ਆਪਣੇ ਵਿਛੜੇ ਪਰਦੇਸੀ ਪ੍ਰੀਤਮ ਦੇ ਬਸਤੀਵਾਦੀ ਦਮਨ ਦੀ ਸਿਮਰਤੀ ਨੂੰ ਜਿਉਂਦਾ ਰੱਖਦੇ ਹਨ। ਹੱਲੇ ਦੇ ਦੀਵਾਨ ਸਮੂਹਿਕ ਵੈਰਾਗ ਦਾ ਮੰਚਣ ਬਣ ਜਾਂਦੇ ਹਨ ਜਿਥੇ ਕਿ ਸਰੋਤੇ ਅਤੇ ਕਥਾਕਾਰ, ਕੀਰਤਨਕਾਰ, ਨਿਰਤਕਾਰ ਇਕ ਸੂਤਰ ਵਿਚ ਬੱਝਦੇ ਹਨ। ਰਾਮ ਕਥਾ ਦੇ ਰਾਮ-ਸੀਤਾ ਬਣਵਾਸ; ਰਾਧਾ-ਕਾਹਨ ਦੇ ਅਨੁਰਾਗ; ਪੰਜਾਬੀ ਕਿੱਸਿਆਂ ਦੀਆਂ ਬਹਾਦਰ, ਸਿਦਕੀ ਨਾਇਕਾਵਾਂ ਸੋਹਣੀ, ਸੱਸੀ, ਹੀਰ ਸਿਆਲ ਦੇ ਬਿਰਹੁੰ, ਇਸ਼ਕ ਤੇ ਵਿਛੋੜੇ ਦੇ ਪ੍ਰਸੰਗਾਂ ਨੂੰ ਗੁਰਬਾਣੀ ਕੀਰਤਨ ਅਤੇ ਕਥਾ ਵਿਚ ਗੁੰਦ ਕੇ ਪਹਿਰਾਂ ਬੱਧੀ ਵਜਦ ਵਿਚ ਰਹਿਣਾ- ਕੂਕੇ ਮਸਤਾਨਿਆਂ ਦੀਆਂ ਲੋਕ-ਗੀਤ ਵਾਲੀਆਂ ਧਾਰਨਾਵਾਂ ਅੰਦਰ ਪੰਜਾਬ ਦਾ ਸਾਂਝਾ, ਵਹਿੰਦਾ-ਨੱਚਦਾ ਤਸੱਵਰ- ਸਾਨੂੰ ਚੇਤੰਨ ਕਰਦਾ ਹੈ ਕਿ ਬਸਤੀਵਾਦੀ ਪੰਜਾਬ ਦੇ ਸ਼ਹਿਰਾਂ ਵਿਚ ਪਲੂਰ ਰਿਹਾ ਅੰਜੁਮਨ-ਇ-ਇਸਲਾਮੀਆ, ਆਰੀਆ ਸਮਾਜ ਅਤੇ ਸਿੰਘ ਸਭਾਵਾਂ ਵਿਚ ਵੰਡਿਆ ਦੱਸਿਆ ਜਾਂਦਾ ਮੁਸਲਮਾਨ, ਹਿੰਦੂ ਅਤੇ ਸਿੱਖ ਪਛਾਣਾਂ ਦਾ ਜ਼ਹਿਰੀਲਾ ਰੌਲਾ ਹੀ ਸਾਰਾ ਇਤਿਹਾਸ ਨਹੀਂ ਹੈ। ਨਾਮਧਾਰੀ ਦੀਵਾਨਾਂ ਵਿਚ ਕੂਕੇ ਮਸਤਨਿਆਂ, ਰਾਮ-ਵਿਯੋਗੀਆਂ ਦਾ ਸਾਮਰਾਜ-ਵਿਰੋਧੀ ਸਾਂਝਾ ਪੰਜਾਬੀ ਪਿੜ ਵੀ ਆਪਣੀ ਭਰਪੂਰ ਹਾਜ਼ਰੀ ਰੱਖਦਾ ਹੈ। ਪੰਜਾਬ ਦੇ ਸਮਾਜਕ ਇਤਿਹਾਸ-ਲੇਖਣ ਲਈ ਵਿਰਕ ਜੀ ਨੇ ਜੋ ਉੱਦਮ ਕਰ ਵਿਖਾਇਆ ਹੈ, ਉਸ ਤੋਂ ਪੇਸ਼ੇਵਰ ਇਤਿਹਾਸਕਾਰਾਂ ਨੂੰ ਸਿੱਖਣ ਦੀ ਲੋੜ ਹੈ।

ਰਾਮ-ਵਿਯੋਗੀਆਂ ਵਿੱਚ ਹਿਜਰ ਦੇ ਬਾਣ ਸਹਿਣ ਵਾਲੇ ਪਰ ਪ੍ਰਬੁੱਧ ਕੂਕੇ ਮਸਤਾਨਿਆਂ ਦੀ ਲੰਬੀ-ਚੌੜੀ ਹਾਜ਼ਰੀ ਹੈ ਤਾਂ ਵਿਰਕ ਜੀ 'ਮਸਤਾਨਾ ਟਹਿਲ ਸਿੰਘ ਬੋਰੀਆਂ ਵਾਲਾ' ਨੂੰ ਨਹੀਂ ਵਿਸਾਰਦੇ ਅਤੇ ਉਸ ਨੂੰ 'ਇੱਕ ਜਾਗਿਆ ਮਨੁੱਖ' ਹੋਣ ਦਾ ਵੱਡਾ ਦਰਜਾ ਦਿੰਦੇ ਹਨ। 'ਪਿਆਰ ਦਾ ਸਾਕਾਰ ਰੂਪ' ਮਜ਼੍ਹਬੀ ਸਿੱਖ ਪਿਛੋਕੜ ਵਾਲਾ ਟਹਿਲ ਸਿੰਘ 'ਮੀਤ ਵਿਛੋੜੇ ਦੀਆਂ ਸੱਦਾਂ ਲਾਉਂਦਾ, ਸਾਰੀ ਸਾਰੀ ਰਾਤ' ਨਿਭਦਾ! ਅੁਸ ਦੇ ਬੋਲ, ਹਿਜਰ ਦੀ ਭਾਹ ਵਿਚ ਭਿੱਜ ਕੇ, ਰਸੀਲੇ ਹੋ ਗਏ ਸਨ। ਉਸ ਨੂੰ ਸਿੱਧੀ ਸਾਦੀ ਸ਼ੈਲੀ ਵਿਚ ਲੋਕ ਤਰਜ਼ਾਂ 'ਤੇ ਗਾਉਂਦਿਆਂ ਸੁਣਨ ਲਈ, ਅਨੇਕ ਲੋਕ ਤਰਸਦੇ ਰਹਿੰਦੇ ਸਨ। ਬਾਬਾ ਰਾਮ ਸਿੰਘ ਨੂੰ ਚਿੱਤ ਵਿਚ ਧਾਰ ਕੇ

"ਟੁੱਟ ਜਾਏਂ ਰੇਲ ਗੱਡੀਏ, ਰੱਬ ਜਾਣਦਾ
ਸਾਡੇ ਮੀਤ ਦਾ ਵਿਛੋੜਾ ਪਾਇਆ, ਟੁੱਟ ਜਾਏਂ..."

ਜਾਂ

"ਤੂੰ ਮੈਨੂੰ ਭੁੱਲਦਾ ਨਹੀਂ, ਸੁਣ ਮੀਤ ਵੇ,
ਤੈਂ ਕੀ ਸਿਰ ਪਾ ਲਿਆ ਮੇਰੇ, ਤੂੰ ਮੈਨੂੰ ਭੁੱਲਦਾ ਨਹੀਂ..."

ਅਜਿਹੇ ਸਾਦ-ਮੁਰਾਦੇ ਬੋਲ ਕਿਸ ਸੁਰ-ਸੋਜ਼ ਨਾਲ ਫ਼ਿਜ਼ਾਈਂ ਰਮਦੇ ਹੋਣਗੇ, ਵਿਰਕ ਜੀ ਨੇ ਇਹ ਦੱਸਣਾ ਲਾਜ਼ਮੀ ਜਾਣਿਆ ਹੈ। ਕੂਕਾ ਲਹਿਰ ਦਾ ਮਰਮ ਸਾਂਭੀ ਬੈਠੀ ਇਹ ਲਿਖਤ ਮਹੱਤਵਪੂਰਨ ਹੈ ਕਿਉਂਕਿ ਧੀਦੋ ਰਾਂਝੇ ਦੇ ਸਿਦਕ ਵਾਲੇ ਇਹ "ਪ੍ਰੀਤ ਪਰਵਾਨੇ ਅਤੇ ਮਸਤ ਮਸਤਾਨੇ ਲੋਕ ਲਹਿਰਾਂ ਦਾ ਸ਼ਿੰਗਾਰ ਹੁੰਦੇ ਹਨ।" ਅਜਿਹਾ ਹੀ ਇੱਕ ਹੋਰ ਮਸਤ ਮਸਤਾਨਾ, ਕਾਮਰੇਡ ਦਲੀਪ ਸਿੰਘ 'ਮਸਤ' ਨਕਸਲਬਾੜੀ ਲਹਿਰ ਵੇਲੇ ਵੀ ਹੋਇਆ ਹੈ ਜਿਸਦਾ ਜ਼ਿਕਰ ਜਸਵੰਤ ਸਿੰਘ ਕੰਵਲ ਦੇ ਨਾਵਲ 'ਐਨਿਆਂ 'ਚੋਂ ਉਠੋ ਸੂਰਮਾ' ਵਿਚ ਆਇਆ ਹੈ। ਟਹਿਲ ਸਿੰਘ ਦੀ ਯਾਦ ਦੇ ਮੌਖਿਕ ਅਤੇ ਲਿਖਤੀ ਸਰੋਤਾਂ ਦੀ ਚਰਚਾ ਕਰਦਿਆਂ ਵਿਰਕ ਜੀ ਧਰਤ-ਧਰਮੀ ਇਤਿਹਾਸ ਲੇਖਣ (History From Below) ਦੇ ਹਵਾਲੇ ਨਾਲ ਮਹੱਤਵਪੂਰਨ ਨੁਕਤੇ ਛੋਹਦੇ ਹਨ।

ਇਕ ਲਿਹਾਜ਼ ਨਾਲ ਵੇਖੀਏ ਤਾਂ ਇਹ ਪੁਸਤਕ ਲੜੀ ਸਧਾਰਨ ਕੂਕਿਆਂ ਤੋਂ ਲੈ ਕੇ ਕੂਕਾ ਸੰਗਠਨ ਅਤੇ ਕੂਕਾ ਆਗੂਆਂ ਤੱਕ ਦੇ ਵੱਡੇ ਅਤੇ ਵੰਨ-ਸੁਵੰਨੇ ਦਾਇਰੇ ਨੂੰ ਬਰਾਬਰ ਦੀ ਗੰਭੀਰਤਾ ਨਾਲ ਦਰਸਾਉਂਦੀ ਹੈ। ਇਤਿਹਾਸ ਦੇ ਪਹੀਏ ਨਾਲ ਉੱਡਦੀ ਧੂੜ ਦੇ ਉਹਲੇ ਹੋ ਰਹੇ ਲੋਕਾਂ ਨੂੰ ਬੋਲਣ ਲਾਉਣ ਵਾਲੀ ਧਰਤ-ਧਰਮੀ ਇਤਿਹਾਸਕਾਰੀ (History From Below) ਦੀ ਉੱਤਮ ਮਿਸਾਲ ਇਹ ਕਾਰਜ ਕੂਕਾ ਲਹਿਰ ਦੀ ਸਮੂਹਕ ਜੀਵਨੀ (Collective Biography) ਜਾਂ Prosopography ਦਾ ਦਰਜਾ ਹਾਸਲ ਕਰਦਾ ਹੈ। ਇਹਨਾਂ ਬਾਂਕੇ, ਵਿਲੱਖਣ ਕਰਤਿਆਂ ਦੇ ਸਾਂਝੇ ਸੂਤਰ, ਉਦੇਸ਼, ਤਾਣੇ-ਬਾਣੇ ਅਤੇ ਅੰਤਰ-ਸੰਬੰਧਾਂ ਰਾਹੀਂ ਅਸੀਂ ਕੂਕਾ ਲਹਿਰ ਦੀ ਪੰਜਾਬੀ ਸਮਾਜ ਅਤੇ ਇਤਿਹਾਸ ਵਿਚ ਨੈਂਅ ਵਗਦੀ ਵੇਖਦੇ ਹਾਂ। ਇਥੇ ਪ੍ਰਮਾਣਿਕਤਾ ਅਤੇ ਕਲਪਨਾਸ਼ੀਲਤਾ ਇਕ-ਦੂਜੇ ਨੂੰ ਨਿਖਾਰਦੇ ਹਨ। ਕੁਝ ਹੱਦ ਤੱਕ ਗ਼ਦਰੀਆਂ ਅਤੇ

ਅਕਾਲੀਆਂ ਬਾਬਤ ਅਜਿਹਾ ਕੰਮ ਹੋਇਆ ਮਿਲਦਾ ਹੈ, ਪਰ ਉਹ ਹਜੇ ਘਟਨਾਵਲੀਆਂ, ਦਸਤਾਵੇਜ਼ਾਂ ਅਤੇ ਰਿਪੋਰਟਾਂ ਮੁਤਾਬਿਕ ਤੱਥ-ਪਰਕਤਾ ਦੀ ਰਾਮਕਾਰ ਵਿਚ ਰਹਿੰਦਾ ਹੈ। ਇਸ ਖੱਪੇ ਨੂੰ ਪੂਰਨ ਹਿੱਤ ਸਿਮਰਤੀਆਂ, ਸਵੈ-ਜੀਵਨੀਆਂ ਜਾਂ ਮੁਲਾਕਾਤਾਂ ਨੇ ਸਾਨੂੰ ਇਹਨਾਂ ਇਨਕਲਾਬੀਆਂ ਦੇ ਅੰਦਰੂਨੀ ਸੰਸਾਰ ਬਾਰੇ ਜ਼ਿਆਦਾ ਚੇਤੰਨ ਕੀਤਾ ਹੈ। ਸ਼ਚਿੰਦਰਨਾਥ ਸਾਨਿਆਲ ਦਾ 'ਬੰਦੀ ਜੀਵਨ', ਗੁਰਬਖ਼ਸ਼ ਸਿੰਘ ਸ਼ਮਸ਼ੇਰ 'ਝੁਬਾਲੀਆ' ਦਾ 'ਸ਼ਹੀਦੀ ਜੀਵਨ', ਬਾਬਾ ਸੋਹਨ ਸਿੰਘ ਭਕਨਾ ਦੀ 'ਮੇਰੀ ਰਾਮ ਕਹਾਣੀ', ਆਦਿ ਇਸ ਰੁਝਾਨ ਦੀ ਮਿਸਾਲ ਹਨ। 1960ਵਿਆਂ ਦੇ ਅਮਰੀਕਾ ਵਿੱਚ ਸਿਵਿਲ ਰਾਈਟਸ ਅੰਦੋਲਨ ਦੇ ਜੁਝਾਰੂਆਂ ਨੇ ਆਪਣੀਆਂ ਸਿਮਰਤੀਆਂ, ਸਵੈ-ਜੀਵਨੀਆਂ ਲਿਖ ਕੇ ਮੁੱਖ ਧਾਰਾ ਦੀ ਇਤਿਹਾਸਕਾਰੀ ਦੇ ਸਮਾਨਅੰਤਰ ਆਪਣੇ ਅਨੁਭਵ-ਜਗਤ ਅਤੇ ਸੰਘਰਸ਼ ਦੀ ਗਾਥਾ ਲਿਖੀ ਹੈ।

ਕੂਕਾ ਪੰਥ ਦੇ ਪਹਿਲੇ ਪੂਰ ਤੋਂ ਹੀ ਬਾਬਾ ਜਮੀਅਤ ਸਿੰਘ ਕਾਹਨਾ ਕਾਛਾ ਨਾਲ ਸ਼ੁਰੂ ਹੁੰਦੀ 'ਮਸਤਾਨਾ' ਧਾਰਾ ਫ਼ਰੰਗੀ ਸੱਤਾ ਨਾਲ ਟੱਕਰ ਲੈਣ ਦੀਆਂ ਦੋ ਧੁਰੀਆਂ - ਲੋਕ ਲਾਮਬੰਦੀ ਬਨਾਮ ਸਿੱਧੀ ਟੱਕਰ - ਵਿਚੋਂ ਇੱਕ ਬਣ ਜਾਂਦੀ ਹੈ। "ਕੂਕਾ ਅੰਦੋਲਨ ਦਾ ਸ਼ਿਰੋਮਣੀ ਸ਼ਹੀਦ- ਭਾਈ ਹੀਰਾ ਸਿੰਘ ਸਕਰੌਦੀ' ਮਜ਼ਮੂਨ ਵਿਚ ਅਸੀਂ ਇਸ ਡੂੰਘੇ ਸਮਿੱਸਿਆਕਾਰ ਦੇ ਸਨਮੁਖ ਹੁੰਦੇ ਹਾਂ। 'ਸ਼ਹਾਦਤ' ਦੀ ਕਰਮਧਾਰਾ ਬਨਾਮ ਮਜ਼ਬੂਤ ਲੋਕ ਲਾਮਬੰਦੀ ਵਾਲੀ ਕਰਮਧਾਰਾ ਦਾ ਮੰਚਣ ਸਾਨੂੰ ਇਸ ਮਜ਼ਮੂਨ ਰਾਹੀਂ ਹੁੰਦਾ ਦਿਸਦਾ ਹੈ। 'ਸ਼ਹਾਦਤ ਦੇ ਸੰਕਲਪ ਅਤੇ ਇਤਿਹਾਸ ਨੂੰ ਗਤੀਮਾਨ ਰੱਖਣ ਵਾਲੇ ਇਸ ਕਾਰਕ ਬਾਰੇ ਸੁਵਰਨ ਸਿੰਘ ਵਿਰਕ ਦਾ ਜ਼ਰਾ ਤਫ਼ਸੀਲੀ ਬਿਆਨ ਪੜ੍ਹੀਏ:

"ਸ਼ਹੀਦ ਉਸ ਨੂੰ ਕਿਹਾ ਜਾਂਦਾ ਹੈ ਜੋ ਆਪਣੇ ਅਕੀਦੇ ਦੀ ਸ਼ਹਾਦਤ ਭਾਵ ਗਵਾਹੀ ਆਪਣਾ ਸਿਰ ਦੇ ਕੇ ਦਿੰਦਾ ਹੈ। ਕੋਈ ਬੰਦਾ ਜੋ ਬਚਨ ਮੂੰਹੋਂ ਕੱਢ ਰਿਹਾ ਹੈ, ਉਸ ਪ੍ਰਤੀ ਉਸਦੀ ਵਫ਼ਾਦਾਰੀ ਕਿਤਨੀ ਕੁ ਹੈ, ਇਸ ਦੀ ਪਰਖ ਲਈ ਪੰਚਾਇਤਾਂ ਜਾਂ ਅਦਾਲਤਾਂ ਵਿੱਚ ਅਕਸਰ ਗਵਾਹੀਆਂ ਮੰਗੀਆਂ ਜਾਂਦੀਆਂ ਹਨ। ਗਵਾਹੀਆਂ ਦੀਆਂ ਅੱਗੋਂ ਕਈ ਕਿਸਮਾਂ ਹੁੰਦੀਆਂ ਹਨ ਜਿਹਾ ਕਿ ਦਸਤਾਵੇਜ਼ੀ ਗਵਾਹੀ, ਮੌਕੇ ਦੀ ਗਵਾਹੀ, ਘਟਨਾਕ੍ਰਮ ਦੀ ਗਵਾਹੀ, ਇਤਿਆਦਿ। ਕਿਸੇ ਵਿਅਕਤੀ ਦੀ ਕਿਸੇ ਮੁਆਮਲੇ ਵਿੱਚ ਨਿਰਦੋਸ਼ਤਾ ਸਿੱਧ ਕਰਨ ਲਈ, ਕਈ ਵੇਰ ਕੋਈ ਹੋਰ ਵਿਅਕਤੀ ਪਰ੍ਹੇ ਪੰਚਾਇਤ ਵਿੱਚ ਉਸ ਦੇ ਹੱਕ ਵਿੱਚ ਗਵਾਹੀ ਦੇ ਕੇ ਉਸ ਨੂੰ ਮੁਕਤ ਕਰਵਾਉਂਦਾ ਹੈ। ਕਈ ਵੇਰ ਪੰਚਾਇਤਾਂ ਸੰਭਾਵੀ ਮੁਜਰਮ ਤੋਂ ਹੀ ਉਸ ਦੀ ਦੁੱਧ-ਪੁੱਤ ਆਦਿ ਕੀਮਤੀ ਸ਼ੈਆਂ ਦੀ ਗਵਾਹੀ ਜਾਂ ਉਸਦੇ ਇਸ਼ਟ ਦੀ ਗਵਾਹੀ ਮੰਗ ਕੇ ਉਸ ਨੂੰ ਪਾਕ ਕਰ ਦਿੰਦੀਆਂ ਹਨ।ਪ੍ਰੰਤੂ ਗਵਾਹੀਆਂ ਦੀਆਂ ਇਨ੍ਹਾਂ ਸਾਰੀਆਂ ਕਿਸਮਾਂ ਵਿਚੋਂ, ਜਦੋਂ ਕੋਈ ਵਿਅਕਤੀ ਆਪਣੇ ਨਿਸ਼ਾਨੇ ਪ੍ਰਤੀ ਆਪਣੀ ਨਿਸ਼ਠਾ ਸਿੱਧ ਕਰਨ ਲਈ ਸਰੀਰ ਹੀ ਵਾਰ ਦੇਵੇ ਤਾਂ ਇਸ ਨੂੰ ਸਭ ਤੋਂ ਸ੍ਰੇਸ਼ਠ ਗਵਾਹੀ ਜਾਂ ਸ਼ਹਾਦਤ ਕਿਹਾ ਜਾਂਦਾ ਹੈ ਅਤੇ ਅਜਿਹਾ ਕਰਨ ਵਾਲਾ ਸ਼ਹੀਦ ਅਖਵਾਉਂਦਾ ਹੈ। ਇਸੇ ਲਈ ਸ਼ਹੀਦ ਦੀ ਭਾਵਨਾ ਪ੍ਰਤੀ ਕਿਸੇ ਸ਼ੱਕ ਸ਼ੁਬਹੇ ਦੀ ਗੁੰਜਾਇਸ਼ ਨਹੀਂ ਰਹਿੰਦੀ। ਉਸ ਦਾ ਰੁਤਬਾ ਬੁਲੰਦ ਗਿਣਿਆ ਜਾਂਦਾ ਹੈ।

...ਇਤਿਹਾਸ ਦੇ ਪਹੀਏ ਨੂੰ ਅਗਲੇਰੀ ਦਿਸ਼ਾ ਵਿਚ ਗਤੀ ਦੇਣ ਲਈ ਸਪਾਰਟਕਸ, ਸੁਕਰਾਤ, ਹਜ਼ਰਤ ਈਸਾ, ਹਸਨ-ਹੁਸੈਨ, ਮਨਸੂਰ, ਸ਼ਮਸ ਤਬਰੇਜ਼, ਗੁਰੁ ਅਰਜਨ ਦੇਵ, ਸੂਫ਼ੀ ਫ਼ਕੀਰ ਸਰਮਦ, ਗੁਰੂ ਤੇਗ ਬਹਾਦਰ ਸਾਹਿਬ, ਦਸਵੇਂ ਪਾਤਸ਼ਾਹ ਦੇ ਚਾਰ ਸਾਹਿਬਜ਼ਾਦਿਆਂ ਅਤੇ ਉਹਨਾਂ ਦੇ ਹਜ਼ਾਰਾਂ ਸਿੰਘਾਂ-ਸਿੰਘਣੀਆਂ ਨੂੰ ਆਪਣੀਆਂ ਸ਼ਹਾਦਤਾਂ ਦੇਣੀਆਂ ਪਈਆਂ। ਸੱਚ ਹਮੇਸ਼ਾ ਸਾਪੇਖਿਕ ਹੁੰਦਾ ਹੈ ਅਤੇ ਵੇਲੇ ਦੀਆਂ ਕਾਬਜ਼ ਧਿਰਾਂ ਨੂੰ ਜਿਸ ਸੱਚ ਦੀ ਇਹ ਸ਼ਹੀਦ ਪ੍ਰਤੀਨਿਧਤਾ ਕਰਦੇ ਹਨ, ਉਹ ਵਾਰਾ ਨਹੀਂ ਸੀ ਖਾਂਦਾ।...ਇਸੇ ਨਿਸ਼ਚੇ ਤਹਿਤ ਹੀ ਉਹ ਬੇਝਿਜਕ, ਬੇਖ਼ੌਫ਼ ਆਪਣਾ ਸਰੀਰ ਰੂਪੀ ਠੀਕਰਾ, ਜਾਬਰ ਹਾਕਮਾਂ ਦੇ ਸਿਰ ਭੰਨਣ ਲੱਗਿਆਂ ਰਤਾ ਭਰ ਵੀ ਥਿੜਕਦੇ ਨਹੀਂ ਰਹੇ।...ਮਨੁੱਖੀ ਗੌਰਵ ਦੀ ਸਥਾਪਤੀ ਲਈ ਵਿੱਢੇ ਕੂਕਾ ਅੰਦੋਲਨ ਦੇ ਸ਼ਹੀਦਾਂ ਦੀ ਗਿਣਤੀ ਵੀ ਇੱਕ ਸੈਂਕੜਾ ਤੋਂ ਉੱਪਰ ਹੈ। ਇਹਨਾਂ ਵਿਚੋਂ ਸ਼ਿਰੋਮਣੀ ਸ਼ਹੀਦ ਹੋਏ ਹਨ, ਭਾਈ ਹੀਰਾ ਸਿੰਘ ਜੀ ਸਕਰੌਦੀ ਵਾਲੇ।"

ਦੁਹਰਾਅ ਦੀ ਕੀਮਤ 'ਤੇ ਫਿਰ ਕਹਿਣਾ ਬਣਦਾ ਹੈ ਕਿ 'ਸ਼ਹਾਦਤ' ਦੇ ਵਰਤਾਰੇ ਬਾਰੇ ਅਜਿਹਾ ਸਾਦਾ ਸੰਘਣਾ ਬਿਆਨ, ਅਜੋਕੀ ਵਿਦਵਤਾ ਤੋਂ ਉਲਟ ਸੰਕਲਪਕਾਰੀ ਨੂੰ ਸਾਡੇ ਨੇੜੇ ਲੈ ਆਉਂਦਾ ਹੈ। ਸ਼ਹਾਦਤਾਂ ਦੇ ਦਰਜੇ ਖੁੱਲ੍ਹਦੇ ਹਨ ਅਤੇ 'ਸ਼ਹੀਦ' ਹੋਣ-ਕਹਾਉਣ ਦਾ ਰੁਤਬਾ ਸਰੀਰ-ਰੂਪੀ ਠੀਕਰਾ, ਜਾਬਰ ਹਾਕਮਾਂ ਦੇ ਸਿਰ ਭੰਨਣ ਵਾਲੇ ਅਡੋਲ ਰਹਿਣ ਵਾਲੇ ਹੀ ਕਮਾਉਂਦੇ ਹਨ। ਇਤਿਹਾਸਧਾਰਾ ਵਿਚ ਅਤੇ ਸਿੱਖ ਲਹਿਰ ਦੇ ਸ਼ਹੀਦਾਂ ਦੀ ਅਗਲੀ ਕੜੀ ਵਜੋਂ ਕੂਕਾ

ਲਹਿਰ ਦੇ ਸ਼ਹੀਦਾਂ ਦਾ ਸ਼ਿਰੋਮਣੀ ਹੋਣ ਦਾ ਦਰਜਾ ਭਾਈ ਹੀਰਾ ਸਿੰਘ ਸਕਰੌਦੀ ਤੱਕ ਅੰਗਦੇ ਹਨ। ਵਰਤੀ ਹੋਈ ਸੰਜਮੀ, ਸਨਮਾਨ-ਭਰਪੂਰ ਭਾਸ਼ਾ, ਸੰਕਲਪਕਾਰੀ ਉਤੇ ਸਹਿਜ ਪਕੜ ਅਤੇ ਮਨੁੱਖਾ ਇਤਿਹਾਸ ਦੇ ਢੁਕਵੇਂ ਹਵਾਲੇ ਵਿਰਕ ਜੀ ਦੇ ਇਸ ਵਰਨਣ ਦੀ ਖ਼ਾਸੀਅਤ ਹਨ।

ਕੂਕਾ ਲਹਿਰ ਵਿੱਚ 'ਮਸਤਾਨਾ ਦਲ' ਬਨਾਉਣ ਵਾਲੇ; ਸਰਦਾਰ ਘਰਾਣੇ ਦੇ ਫਰਜ਼ੰਦ, ਆਪਣੀ ਜਾਇਦਾਦ ਵੇਚ ਕੇ ਭੈਣੀ ਸਾਹਿਬ ਟਿਕਾਣਾ ਕਰਨ ਵਾਲੇ; ਬਲੀ, ਹਠੀਲੇ ਸਿੰਘ, "ਅੰਮ੍ਰਿਤ ਪ੍ਰੇਮ ਮੈ ਜਿਨ੍ਹਾਂ ਕੀ ਦੇਹ ਭਿਜੀ ਹੋਈ ਹੈ", 'ਜਦ ਬੋਲਦੇ ਹੈਂ ਤਾਂ ਮਾਨੋ ਧਰਤੀ ਨਾਲ ਬੋਲਦੀ ਹੈ",- ਅਜਿਹੇ ਮਸਤਾਨੇ ਕੁਰਬਾਨੀ ਦੇ ਜਜ਼ਬੇ ਨਾਲ ਭਰਪੂਰ ਸਨ, ਜਿਸ ਸਦਕਾ ਕਈ ਵਾਰ ਸੰਗਠਨ ਬਨਾਉਣ ਵਾਲੇ ਸੂਬਿਆਂ ਨਾਲ ਅੜ-ਫਸ ਵੀ ਜਾਰੀ ਰਹੀ। ਇਸ ਸੰਦਰਭ ਵਿਚ ਦੋ ਘਟਨਾਵਾਂ ਗੌਲਣਯੋਗ ਹਨ: ਪਹਿਲਾ, ਆਪਣੀ ਪਤਨੀ ਦੇ ਪਰਾਂਦੇ ਅਤੇ ਸਿੰਗਾਰ ਦਾ ਵਿਰੋਧ ਕਰਨ ਵਾਲੇ ਹੀਰਾ ਸਿੰਘ ਇਕ ਮੇਲੇ ਦੇ ਇਕੱਠ ਵਿਚ ਉਸ ਦੀ ਗੁੱਤ ਹੀ ਕੱਟ ਕੇ ਬਾਂਸ ਨਾਲ ਬੰਨ੍ਹ ਕੇ ਪ੍ਰਦਰਸ਼ਨ ਵੀ ਕਰਦੇ ਹਨ ਅਤੇ ਸੂਬਾ ਜਵਾਹਰ ਸਿੰਘ ਇਸ ਗੱਲੋਂ ਟੋਕਦੇ ਹਨ। ਤਨਾਤਨੀ ਪੈਦਾ ਹੁੰਦੀ ਹੈ। ਦੂਜਾ, ਸੂਬਾ ਗਿਆਨੀ ਸਿੰਘ ਦੇ ਭਰਾ ਨੂੰ ਕੁੱਟ ਕੇ ਅਧਮੋਇਆ ਕਰਨ 'ਤੇ ਬਾਬਾ ਰਾਮ ਸਿੰਘ ਤੋਂ 'ਡਾਂਗ ਪਰਸਾਦ' ਛਕਣਾ, ਜਿਸ ਬਾਰੇ ਆਪਣੇ ਗੁਨਾਹ ਮੰਨ ਕੇ ਕਿਹਾ ਕਿ ਹੁਣ ਉਨ੍ਹਾਂ ਦੀਆਂ 'ਦੇਹਾਂ ਬੱਜਰ ਕਰ ਦਿੱਤੀਆਂ ਹਨ' ਤਾਂ ਕਿ ਸਾਨੂੰ ਹੁਣ ਕੋਈ ਦੁਨਿਆਵੀ ਅਸਤਰ-ਸ਼ਸਤਰ ਨਾ ਪੋਹੇ। ਕੂਕਿਆਂ ਦੇ ਪ੍ਰਚਾਰ ਦੀ ਧਾਰ ਤਿੱਖੀ ਸੀ, ਗੁਆਚੇ ਖਾਲਸਾ ਰਾਜ ਨੂੰ ਨੈਤਿਕ ਬਲ ਅਤੇ ਸੈਨਿਕ ਤਿਆਰੀ ਨਾਲ ਹਾਸਲ ਕਰਨ ਦਾ ਨਿਸ਼ਾਨਾ ਸੀ, ਅੰਮ੍ਰਿਤਸਰ ਤੇ ਰਾਇਕੋਟ ਦੇ ਬੁੱਚੜਬੱਧ ਦੇ ਸਾਕੇ ਹੋ ਗੁਜ਼ਰੇ ਸਨ ਤਾਂ 'ਮਸਤਾਨਾ ਦਲ' ਵਾਲਿਆਂ ਨੇ ਕੋਈ ਵੱਡਾ ਸਾਕਾ ਵਰਤਾ ਕੇ, ਲੋਕ-ਚੇਤਨਾ ਨੂੰ ਪ੍ਰਚੰਡ ਕਰਨ ਦਾ ਵਿਲੱਖਣ ਰਾਹ ਚੁਣਿਆ। ਆਪਣੇ ਪੱਧਰ 'ਤੇ ਪੰਜ ਪਿਆਰੇ ਸਾਜੇ ਗਏ ਅਤੇ 'ਧਰਮ ਯੁੱਧ' ਦੀ ਤਿਆਰੀ ਹੋਣ ਲੱਗੀ। ਇਸ ਮੁਕਾਮ ਉੱਤੇ ਭਿਣਕ ਪੈਣ 'ਤੇ ਸੁਘੜ ਯੋਜਨਾਕਾਰ ਤੇ ਦੂਰ-ਅੰਦੇਸ਼ੀ ਸੂਬਾ ਬ੍ਰਹਮਾ ਸਿੰਘ ਜੋ 1857 ਦੇ ਵਿਦਰੋਹ ਵਿੱਚ ਸ਼ਾਮਿਲ ਸੀ, ਲਗਾਤਾਰ ਸਿੰਘਾਂ ਨੂੰ ਹਿੰਸਕ ਕਾਰਵਾਈਆਂ ਤੋਂ ਵਰਜ ਰਿਹਾ ਸੀ।

ਇਨ੍ਹਾਂ ਤਿੰਨੇ ਵਰਤਾਰਿਆਂ ਤੋਂ ਸਾਨੂੰ ਨਾਮਧਾਰੀ ਲਹਿਰ ਅੰਦਰ ਕਾਰਜਸ਼ੀਲ ਧਾਰਾਂਵਾਂ ਦੇ ਆਪਸੀ ਤਣਾਅ ਅਤੇ ਰਣਨੀਤਕ ਮਤਭੇਦਾਂ ਨੂੰ ਅਮਲੀ ਪੱਧਰ ਉੱਤੇ ਲਿਜਾ ਕੇ ਸੰਗੀਨ ਰਣਨੀਤਕ ਸਿੱਟਿਆਂ ਦਾ ਸਾਹਮਣਾ ਕਰਨ ਦੀ ਜਾਣਕਾਰੀ ਮਿਲਦੀ ਹੈ। ਲੋਕ-ਲਾਮਬੰਦੀ ਦੀ ਲੰਮੀ ਤਿਆਰੀ ਦੀ ਰਣਨੀਤੀ ਅਧ-ਵਿਚਕਾਰ ਰਹਿ ਗਈ ਅਤੇ ਬਸਤੀਵਾਦੀ ਦਮਨ ਚੱਕਰ ਸਦਕਾ ਕੂਕਾ ਲਹਿਰ ਨੂੰ ਕਾਨੂੰਨ ਦੇ ਪਰਦੇ ਹੇਠ ਧਾਰਮਿਕ ਗਤੀਵਿਧੀਆਂ ਕਰਨ ਤੱਕ ਮਹਿਦੂਦ ਹੋਣਾ ਪਿਆ। ਇਹ ਹੋਣੀ ਅਗਲੇ ਅੰਦੋਲਨਾਂ ਨਾਲ ਵੀ ਵਾਪਰੀ।

ਪਹਿਲਾ, ਸੰਨ 1919 ਵਿਚ ਰੌਵਲਟ ਐਕਟ ਖ਼ਿਲਾਫ਼ ਅੰਦੋਲਨ ਜਦੋਂ ਹਿੰਸਕ ਹੋ ਗਿਆ ਤਾਂ ਗਾਂਧੀ ਜੀ ਦੇ ਹੱਥੋਂ ਸੰਗਠਨ ਉਪਰ ਪੂਰਾ ਜ਼ਾਬਤਾ ਨਾ ਹੋਣ ਦੀ ਕਮੀ ਸਾਹਮਣੇ ਆਈ ਅਤੇ ਜਲ੍ਹਿਆਂਵਾਲਾ ਬਾਗ਼ ਦੇ ਸਾਕੇ ਮਗਰੋਂ ਅੰਦੋਲਨ ਵਾਪਿਸ ਲੈ ਲਿਆ ਗਿਆ। ਇਸ ਖ਼ਿਲਾਅ ਨੂੰ ਭਰਨ ਲਈ ਅੰਦੋਲਨ ਦੌਰਾਨ ਸਰਕਾਰੀ ਦਮਨ ਦੇ ਸ਼ਿਕਾਰ ਲੋਕਾਂ ਨੂੰ ਹਰ ਪਿੰਡ, ਸ਼ਹਿਰ, ਬਸਤੀ ਵਿਚ ਮਿਲ ਕੇ, ਬਿਆਨ ਲਏ ਗਏ ਅਤੇ ਰਿਪੋਰਟ ਪ੍ਰਕਾਸ਼ਿਤ ਕੀਤੀ ਗਈ।

ਦੂਜੀ ਘਟਨਾ ਗ਼ਦਰ ਲਹਿਰ ਦੀ ਹੈ, ਜੋ ਕਿ ਹਜੇ ਪ੍ਰਮੁੱਖ ਤੌਰ 'ਤੇ ਅਖਬਾਰਾਂ, ਕਵਿਤਾਵਾਂ ਰਾਹੀਂ ਪ੍ਰਚਾਰ ਅਤੇ ਜਥੇਬੰਦੀ ਦੇ ਵਿਸਥਾਰ ਵੱਲ ਹੀ ਸੇਧਿਤ ਸੀ ਅਤੇ ਲਗਾਤਾਰ ਪ੍ਰਗਤੀ ਕਰ ਰਹੀ ਸੀ। 1913 ਵਿਚ ਬਣੀ ਪਾਰਟੀ ਦੇ ਇਸ ਚਿਹਨ ਚੱਕਰ ਵਿਚ ਪਹਿਲੀ ਸੰਸਾਰ ਜੰਗ ਨੇ 1914 ਈਸਵੀ ਵਿਚ ਰਣਨੀਤਕ ਪਾਸਾਰ ਖੋਲ੍ਹੇ। ਜਿਨ੍ਹਾਂ ਅਨੁਸਾਰ ਬਰਤਾਨੀਆਂ ਦੇ ਜੰਗੀ ਰੁਝੇਵੇਂ ਦਾ ਫ਼ਾਇਦਾ ਉਠਾਉਣ ਲਈ, ਹਾਲਤਾਂ ਦੇ ਪਰਪੱਕ ਹੋਣ ਤੋਂ ਪਹਿਲਾਂ ਹੀ ਇਨ੍ਹਾਂ ਹਾਲਾਤ ਅਨੁਸਾਰ ਕਮਜ਼ੋਰ ਪਾਰਟੀ ਉੱਤਰੀ ਅਮਰੀਕਾ ਤੋਂ ਪੰਜਾਬ ਵਾਪਸ ਆ ਕੇ ਛਾਉਣੀਆਂ ਅੰਦਰ ਸੈਨਿਕ ਵਿਦਰੋਹ ਕਰਨ ਲਈ ਡਟ ਗਈ। ਜ਼ਮੀਨੀ ਪੱਧਰ 'ਤੇ ਲੋਕ ਤਿਆਰ ਨਹੀਂ ਸਨ, ਲਿਹਾਜ਼ਾ ਬਹੁਤ ਛੇਤੀ ਗ੍ਰਿਫ਼ਤਾਰੀਆਂ, ਮੁਕੱਦਮੇ, ਫਾਂਸੀਆਂ ਅਤੇ ਜੇਲ੍ਹਾਂ ਦਾ ਦੌਰ ਸ਼ੁਰੂ ਹੋ ਗਿਆ।

ਤੀਜਾ, ਸੰਨ 1928 ਵਿੱਚ 'ਆਰਮੀ' ਤੋਂ 'ਐਸੋਸੀਏਸ਼ਨ' ਵਿੱਚ ਤਬਦੀਲ ਹੋ ਚੁੱਕੇ ਕ੍ਰਾਂਤੀਕਾਰੀਆਂ ਨੇ ਹਿੰਸਾ ਦੀਆਂ ਕਾਰਵਾਈਆਂ ਤਜ ਕੇ ਲੋਕ-ਲਾਮਬੰਦੀ ਦੀ ਸਿਆਸਤ ਦਾ ਲੜ ਫੜ ਲਿਆ ਸੀ। ਪਰ 1928 ਵਿਚ ਸਾਈਮਨ ਕਮਿਸ਼ਨ ਦੇ ਬਾਈਕਾਟ ਦੇ ਸੱਦੇ 'ਤੇ ਲਾਹੌਰ ਵਿਚ ਖਾੜਕੂ ਮੁਜ਼ਾਹਰੇ ਉਪਰ ਪੁਲੀਸ ਦੇ ਦਮਨ ਤੋਂ ਬਾਅਦ ਲਾਲਾ

ਲਾਜਪਤ ਰਾਇ ਦੀ ਮੌਤ ਹੋ ਗਈ ਤਾਂ ਲੋਕ-ਭਾਵਨਾ ਵਿੱਚ ਉਬਾਲ ਸੀ। ਇਸ ਵੱਤਰ ਨੂੰ ਅਜਾਈਂ ਨਾ ਜਾਣ ਦੀ ਸਮਝਦਾਰੀ ਤਹਿਤ ਅਪਵਾਦ ਵਜੋਂ ਇੱਕ ਵਾਰਦਾਤ ਅੰਜਾਮ ਦੇਣ ਦਾ ਫ਼ੈਸਲਾ ਹੋਇਆ ਅਤੇ ਸਾਂਡਰਸ ਮਾਰਿਆ ਗਿਆ। ਜਥੇਬੰਦੀ ਰੂਪੋਸ਼ ਹੋ ਗਈ, ਕਾਰਕੁਨ ਖਿੱਲਰ ਗਏ। ਅਸੈਂਬਲੀ ਬੰਬ ਕਾਂਡ ਹੋਇਆ, ਪਰਚਾ ਸੁੱਟਿਆ ਗਿਆ, ਪਰ ਕਿਸੇ ਦੀ ਜਾਨ ਨਾ ਲੈਣ ਵਾਲਾ ਫ਼ੈਸਲਾ ਕਾਇਮ ਰਿਹਾ। ਪਿਛਲੇ ਸਾਡਰਸ ਕਾਂਡ ਨਾਲ ਸੰਬੰਧ ਮੁਕੱਦਮੇ ਦੌਰਾਨ ਜੁੜਿਆ ਅਤੇ ਸ਼ਹੀਦ ਸੁਖਦੇਵ, ਰਾਜਗੁਰੂ ਅਤੇ ਭਗਤ ਸਿੰਘ ਫਾਂਸੀ ਝੂਲ ਗਏ। ਕ੍ਰਾਂਤੀਕਾਰੀ ਲਹਿਰ ਠੱਪ ਹੋ ਗਈ।

ਇਹਨਾਂ ਇਤਿਹਾਸਕ ਲਹਿਰਾਂ ਅਤੇ ਸੰਗਠਨਾਂ ਦੇ ਕਾਂਟਾ ਬਦਲਣ ਦਾ ਰਣਨੀਤਕ ਵਿਵੇਚਨ ਕੂਕਾ ਲਹਿਰ ਦੇ ਵਿਸ਼ਲੇਸ਼ਣ ਲਈ ਵਡੇਰੇ ਸਬਕ ਰੱਖਦਾ ਹੈ। ਕੂਕੇ ਸੁਚੇਤ ਹਨ ਕਿ ਅਕਾਲੀ ਗੰਡਾ ਸਿੰਘ ਦਾ ਵਿਦਰੋਹ ਸਿਰੇ ਨਾ ਚੜ੍ਹਿਆ, ਭਾਈ ਮਹਾਰਾਜ ਸਿੰਘ ਦੀ ਹਥਿਆਰਬੰਦ ਬਗ਼ਾਵਤ ਨਾਕਾਮ ਰਹੀ, ਪ੍ਰੇਮਾ ਸਾਜ਼ਿਸ਼ ਕੇਸ ਦੀ ਅਸਫਲਤਾ ਹੋਈ, ਰਾਣੀ ਜਿੰਦਾਂ ਦੇ ਉਪਰਾਲੇ ਹਰੇ ਨਾ ਹੋਏ ਅਤੇ ਹੋਰ ਛੋਟੇ-ਛੋਟੇ ਉਭਾਰ ਅੰਗਰੇਜ਼ਾਂ ਨੇ ਸਖ਼ਤੀ ਨਾਲ ਦਬਾ ਦਿੱਤੇ। ਪੰਜਾਬ ਦੇ ਨਿਜ਼ਾਮ ਦੀ ਵਾਗ ਡੋਰ ਤਾਂ ਫਰੰਗੀ ਹੱਥ ਹੈ ਈ ਸੀ, ਨਾਲ ਹੀ ਪੰਜਾਬੀ ਸਮਾਜ ਅਤੇ ਲੋਕਾਈ ਦੇ ਨੈਤਿਕ ਸੰਸਾਰ ਵਿੱਚ ਅੰਗਰੇਜ਼ੀ ਦਖ਼ਲ ਨੇ ਪੰਜਾਬੀਆਂ ਦੇ ਪ੍ਰਵਾਨਿਤ ਨੈਤਿਕ ਢਾਂਚੇ ਨੂੰ ਤਬਾਹ ਕਰਨ ਦੇ ਖ਼ਿਲਾਫ਼ ਇਕੱਠਾ ਹੋਣ ਲਈ ਜ਼ਮੀਨ ਬਣਾ ਦਿੱਤੀ।

ਬਾਬਾ ਰਾਮ ਸਿੰਘ ਦੇ ਸੰਕਲਪੀ ਸੰਸਾਰ ਅੰਦਰ ਸਿੱਖਾਂ ਦੇ ਗੁਆਚੇ ਨੈਤਿਕ ਬਲ ਨੂੰ ਹਾਸਲ ਕਰਨ ਦਾ ਕੇਂਦਰੀ ਸਥਾਨ ਸੀ। 'ਮਲੇਛ ਖ਼ਾਲਸਾ' ਵਾਲੇ ਪਲੀਤ ਸਰਦਾਰਾਂ ਦੇ ਬਰਅਕਸ 'ਸੰਤ ਖ਼ਾਲਸਾ' ਦਾ ਨਾਮਕਰਣ ਇਸ ਪ੍ਰਵਿਰਤੀ ਦੀ ਮਿਸਾਲ ਹੈ। ਤਖ਼ਤ ਹਜ਼ੂਰ ਸਾਹਿਬ (ਨਾਂਦੇੜ) ਵਿਚ ਪ੍ਰਚਲਿਤ ਸਿੱਖ ਰਹਿਤ ਮਰਿਆਦਾ ਨੂੰ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਵਰੋਸਾਈ ਹੋਈ ਮੰਨਦਿਆਂ ਹੋਇਆਂ ਇਸ ਨੂੰ ਨਾਮਧਾਰੀ ਪੰਥ ਦੀ ਸ਼ੁੱਧਤਾ ਦੇ ਹਵਾਲੇ ਨਾਲ ਸਹੀ ਸਮਝਿਆ ਅਤੇ ਅਪਣਾਇਆ। ਸਾਦੀ ਭਾਸ਼ਾ ਵਿਚ ਵੱਧ ਤੋਂ ਵੱਧ ਪੇਂਡੂ ਖੇਤਰਾਂ ਦੀ ਲੋਕਾਈ ਨੂੰ ਆਪਣੇ ਉਦੇਸ਼ – ਖ਼ਾਲਸਾ ਰਾਜ ਦੀ ਬਹਾਲੀ, ਇਕਰਸ ਸਤਿਜੁਗੀ ਸਮਤਾ-ਮੂਲਕ ਸਮਾਜ ਸਿਰਜਣਾ – ਨਾਲ ਜੋੜਨ ਲਈ ਦੀਵਾਨ ਲਾਉਣ ਦੀ ਲੰਮੀ-ਚੌੜੀ ਬੁਣਤਰ ਬੁਣੀ। ਰੂਸ, ਨੇਪਾਲ, ਕਸ਼ਮੀਰ ਅਤੇ ਹੋਰ ਰਿਆਸਤਾਂ ਨਾਲ ਰਣਨੀਤਕ ਸੰਪਰਕ ਰੱਖਣ ਲਈ ਸੂਬਾ ਗੁਰਬਚਨ ਸਿੰਘ ਅਤੇ ਸੂਬਾ ਬਿਸ਼ਨ ਸਿੰਘ ਵਰਗੇ ਅਨੁਭਵੀ ਲੋਕ ਨਿਯੁਕਤ ਕੀਤੇ। ਇਹ ਸਭ ਮਨਸੂਬੇ ਵਡੇਰੀ ਲਾਮਬੰਦੀ ਦੀ ਬਿਸਾਤ ਸੀ, ਜੋ ਕਿਸੇ ਢੁਕਵੇਂ ਮੌਕੇ ਹੀ ਹਥਿਆਰਬੰਦ ਵਿਦਰੋਹ ਲਈ ਉਡੀਕ ਕਰ ਰਹੀ ਸੀ।

ਸਾਡੇ ਲਈ ਨੁਕਤਾ ਹੈ ਕਿ ਅਜਿਹੀ ਸੁਵਿਵਸਥਤ ਮਨਸੂਬਾਬੰਦੀ ਦੇ ਬਰਅਕਸ 'ਮਸਤਾਨਾ ਦਲ' ਦੇ ਤੀਖਣ ਮਨੋਵੇਗ ਸਾਹਮਣੇ ਸਾਰੇ ਬੇਬਸ ਵੀ ਸਨ। ਕੇਂਦਰੀ ਨਿਸ਼ਾਨੇ ਦੇ ਸਮਾਨਅੰਤਰ ਸਾਕਾ ਵਰਤਾਉਣ ਲਈ 'ਸਾਨੂੰ ਗਰੂ ਤੇਗ ਬਹਾਦਰ ਸਾਹਿਬ ਹੁਕਮ ਦੇ ਰਹੇ ਹਨ ਕਿ ਧਰਮ ਹੇਤ ਸੀਸ ਦੇਣ ਦਾ ਵਕਤ ਆ ਗਿਆ ਹੈ' ਦੀ ਖ਼ੁਦਮੁਖਤਾਰ ਬਿਰਤੀ ਵੀ ਕਾਰਜਸ਼ੀਲ ਸੀ। ਇਸ ਹਥਿਆਰਬੰਦ ਟੱਕਰ ਦੇ ਸਿੱਟੇ ਕੂਕਾ ਲਹਿਰ ਲਈ ਬਹੁਤ ਢਾਹ ਲਾਉਣ ਵਾਲੇ ਸਾਬਿਤ ਹੋਏ, ਜਿਸ ਸਦਕਾ ਨਵੇਂ ਦੌਰ ਵਿਚ ਰਾਜਸੀ ਨਿਸ਼ਾਨਾ ਬਹੁਤ ਪਿਛਾਂਹ ਜਾ ਪਿਆ। ਬਦਲੇ ਦੌਰ ਵਿਚ ਨਾਮਧਾਰੀ ਸਮਾਜ ਅਤੇ ਕੂਕਾ ਕੇਂਦਰ ਨੂੰ ਜਾਰੀ ਰੱਖਣਾ ਹੀ ਵੱਡੀ ਵੰਗਾਰ ਬਣ ਗਿਆ। 'ਰੁੱਖਾਂ ਦੀ ਜੀਰਾਂਦ ਵਾਲੇ', ਦਿਆਲ-ਪੁਰਖ' ਗੁਰੂ ਹਰੀ ਸਿੰਘ ਜੀ' ਵਾਲੇ ਮਜ਼ਮੂਨ ਵਿਚ ਵਿਰਕ ਜੀ ਇਸ ਕਾਲ ਖੰਡ ਦੇ ਭਰਪੂਰ ਦਰਸ਼ਨ ਕਰਵਾਉਂਦੇ ਹਨ। ਵਿਰਕ ਜੀ ਇਨ੍ਹਾਂ ਨੁਕਤਿਆਂ ਦੀ ਅੱਡਰੀ, ਵਿਸਥਾਰਤ ਨਿਰਖ ਤਾਂ ਨਹੀਂ ਕਰਦੇ, ਪਰ ਸਾਡੇ ਅਗਲੇਰੇ ਅਧਿਐਨ ਵਾਸਤੇ ਜ਼ਮੀਨ ਨੂੰ ਸਵਾਹਰਾ ਜ਼ਰੂਰ ਕਰਦੇ ਹਨ।

ਕੂਕਾ ਲਹਿਰ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਆਗਮਨ (1906–1959) ਕਿਸੇ ਨਵੀਂ ਸੱਜਰੀ ਹਵਾ ਦੇ ਬੁਲੇ ਦੀ ਨਿਆਈਂ ਹੈ ਜਿਹਨਾਂ ਨੇ :

"ਅੱਧੀ ਸਦੀ ਦੇ ਦਮਨ ਚੱਕਰ ਵਿਚੋਂ, ਨਾਮਧਾਰੀ ਪੰਥ ਨੂੰ ਸਾਬਤ ਸਬੂਤਾ ਬਾਹਰ ਕੱਢ ਲੈਣ ਦਾ ਸਿਹਰਾ, ਅਟੱਲ ਪਰਤਾਪੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸੀਸ 'ਤੇ ਸਜਦਾ ਹੈ। ਜਿਹਨਾਂ ਨੇ ਸਿੱਖ ਪੁਨਰ-ਜਾਗਰਣ ਵਾਲੀ ਬਾਣੀ, ਬਾਣੇ, ਸਿਮਰਨ, ਸੇਵਾ, ਸੰਗੀਤ ਨਾਲ ਜੋੜਨ ਵਾਲੀ ਗੁਰਮਤਿ ਪਰੰਪਰਾ ਨੂੰ ਆਪਣੇ ਧਾਰਮਿਕ ਖੇਤਰ ਵਿਚ, ਹੋਰ ਵਿਸ਼ਾਲਤਾ ਪਰਦਾਨ ਕੀਤੀ। ਕੂਕਾ ਅੰਦੋਲਨ ਦੇ ਬਸਤੀਵਾਦ, ਸਾਮਰਾਜਵਾਦ ਅਤੇ ਸਾਮੰਤਵਾਦ ਵਿਰੋਧੀ, ਜਮਹੂਰੀ, ਧਰਮ-ਨਿਰਪੱਖ ਖਾਸੇ ਨੂੰ ਬਚਾਉਂਦਿਆਂ, ਹਰ ਰੰਗ ਦੇ ਸੁਤੰਤਰਤਾ ਸੰਗਰਾਮੀਆਂ ਲਈ, ਸ੍ਰੀ ਭੈਣੀ ਸਾਹਿਬ ਦੇ ਬੂਹੇ,

ਸੇਵਾ ਸਹਿਯੋਗ ਲਈ ਹਮੇਸ਼ਾ ਖੁੱਲ੍ਹੇ ਰੱਖੇ।...ਉਹਨਾਂ ਉਨ੍ਹੀਵੀਂ ਸਦੀ ਦੇ ਅੱਧ ਵਿੱਚ ਚੱਲੇ ਕੂਕਾ ਅੰਦੋਲਨ ਦੀ ਮਹਾਨ ਵਿਰਾਸਤ ਨੂੰ, ਵੀਹਵੀਂ ਸਦੀ ਦੇ ਅੱਧ ਵਿੱਚ ਇਸ ਦੇ ਮੰਤਕੀ ਨਤੀਜੇ, ਦੇਸ਼ ਸੁਤੰਤਰਤਾ ਤੱਕ ਪੁੱਜਦਿਆਂ ਵੇਖਣ ਦੀ ਖੁਸ਼ੀ ਹਾਸਲ ਕੀਤੀ। ਭਾਵੇਂ ਅਗਲੇ ਕੁਝ ਸਾਲਾਂ ਵਿੱਚ ਜਦੋਂ ਇਹੋ ਕੌਮੀ ਆਜ਼ਾਦੀ ਦਾ ਫਲ ਸ਼ਹੀਦਾਂ ਦੇ ਸੁਪਨਿਆਂ ਮੁਤਾਬਕ ਆਮ ਲੋਕਾਂ ਤੱਕ ਪੁੱਜਦਾ ਨਾ ਵਿਖਾਈ ਦਿੱਤਾ ਤਾਂ ਕੌਮੀ ਸਰਕਾਰ ਪ੍ਰਤੀ ਉਹਨਾਂ ਦਾ ਮੋਹ ਭੰਗ ਹੋਣਾ ਵੀ ਇੱਕ ਹਕੀਕਤ ਬਣ ਗਿਆ। ਜਿਸ ਲਈ ਉਹ ਸਮੇਂ-ਸਮੇਂ ਲੋਕ-ਪੱਖੀ ਤਾਕਤਾਂ ਨਾਲ ਵੀ ਸੰਪਰਕ ਸਾਧਦੇ ਰਹੇ।"

ਇਹਨੀ ਦਿਨੀਂ ਪੰਜਾਬ ਵਿੱਚ ਆਧੁਨਿਕ ਕਿਸਮ ਦੀ ਸਿਆਸੀ ਜਾਗਰਤੀ ਦੀ ਜਾਗ ਲਾਉਣ ਵਾਲੀ ਲਹਿਰ, ਸ. ਅਜੀਤ ਸਿੰਘ ਅਤੇ ਲਾਲਾ ਲਾਜਪਤ ਰਾਇ ਦੀ ਅਗਵਾਈ ਵਿੱਚ ਬਾਰ ਐਜੀਟੇਸ਼ਨ ਜਾਰੀ ਸੀ। ਅੰਗਰੇਜ਼ਾਂ ਦੀ ਸੰਗਤ ਵਿੱਚ ਰਹੇ, ਪਵਿੱਤਰ ਬਾਈਬਲ ਦੇ ਜਾਣਕਾਰ, ਪਟਵਾਰੀ ਵਜੋਂ ਨੌਕਰੀਸ਼ੁਦਾ ਅਤੇ ਬਾਅਦ ਵਿੱਚ ਕੂਕੇ ਸਜੇ 'ਸੰਤ ਮੰਗਲ ਸਿੰਘ 'ਅਰਸ਼ੀ ਫ਼ਰਿਸ਼ਤਾ'ਨੂੰ ਵਿਰਕ ਜੀ 'ਵੀਹਵੀਂ ਸਦੀ ਦੇ ਪਹਿਲੇ ਅੱਧ ਦੇ ਲਾਗੇ ਚਾਗੇ ਹੋਏ ਨਾਮਧਾਰੀ ਪਰਚਾਰਕਾਂ...ਵਿਚੋਂ ਸੰਤ ਭਗਤ ਸਿੰਘ ਦਾਤੇਵਾਲੀਏ, ਸੰਤ ਮੰਗਲ ਸਿੰਘ 'ਅਰਸ਼ੀ ਫ਼ਰਿਸ਼ਤਾ' ਅਤੇ ਸੰਤ ਨਿਧਾਨ ਸਿੰਘ 'ਆਲਿਮ' ਹੋਰਾਂ ਨੂੰ ਤਿੰਨ ਸ਼ਿਰੋਮਣੀ ਪਰਚਾਰਕਾਂ ਦੀ ਕਤਾਰ' ਵਿੱਚ ਰੱਖਦੇ ਹਨ। ਅਰਸ਼ੀ ਫ਼ਰਿਸ਼ਤਾ ਜੀ ਹੀ ਕੂਕਿਆਂ ਦੀ ਕੌਮੀ ਮੁਕਤੀ ਅੰਦੋਲਨ ਨਾਲ ਸਾਂਝ ਪੁਆਉਣ ਦਾ ਜ਼ਰੀਆ ਬਣਦੇ ਹਨ, ਜਦੋਂ ਉਹ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਪ੍ਰੇਰਦੇ ਹਨ। ਇਹ ਵਰਤਾਰਾ ਕੂਕਾ ਸਿੱਖ ਅਤੇ ਕੂਕਾ ਆਗੂਆਂ ਦਰਮਿਆਨ ਨਰੋਏ ਸੰਬੰਧਾਂ ਦੀ ਵੀ ਮਿਸਾਲ ਹੈ। ਬਹਰਹਾਲ ਇਸ ਮਹੱਤਵਪੂਰਨ ਰਾਜਸੀ-ਵਿਚਾਰਧਾਰਕ ਪੁਲਾਂਘ ਸਦਕਾ ਫਰੰਗੀ ਜਾਂ ਬਿੱਲਿਆਂ ਖ਼ਿਲਾਫ਼ ਰੋਹ ਹੁਣ ਬਾਕਾਇਦਾ ਇਕ ਸੰਗਠਿਤ ਅੰਦੋਲਨ ਵਿਚ ਰੰਗ ਵਟਾ ਲੈਂਦਾ ਹੈ। ਧਿਆਨ ਰਹੇ ਕਿ 'ਗੁਆਚੇ ਖ਼ਾਲਸਾ ਰਾਜ ਦੀ ਬਹਾਲੀ' ਦਾ ਬੋਲਾ ਮੰਦਾ ਪੈਂਦਾ ਜਾਂਦਾ ਹੈ। ਰਾਜਸੀ ਮਸਲਿਆਂ ਨਾਲ ਨਜਿੱਠਣ ਲਈ 'ਨਾਮਧਾਰੀ ਦਰਬਾਰ' ਦੀ ਸੰਸਥਾ ਸਥਾਪਤ ਕੀਤੀ ਜਾਂਦੀ ਹੈ ਅਤੇ ਹੁਣ ਸਾਰੇ ਮੁਲਕ ਦੀ ਆਜ਼ਾਦੀ ਅਤੇ ਨਿਆਂਕਾਰੀ, ਸਮਤਾ-ਮੂਲਕ ਸਮਾਜ ਦੇ ਸੁਪਨੇ ਨੂੰ ਕੂਕਾ-ਕਾਂਗਰਸ ਦਲ ਦੀ ਸਰਗਰਮੀ ਜ਼ਰੀਏ ਸਾਕਾਰ ਕਰਨ ਦੀ ਜੱਦੋਜਹਿਦ ਜਾਰੀ ਰਹਿੰਦੀ ਹੈ। ਵਿਰਕ ਜੀ ਦੇ ਕਾਰਜ ਤੋਂ ਸੋਝੀ ਆਉਂਦੀ ਹੈ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਕਾਰਜਕਾਲ ਸਾਡੇ ਤੋਂ ਹੋਰ ਡੂੰਘੇਰੇ ਅਧਿਐਨ ਦੀ ਉਮੀਦ ਕਰਦਾ ਹੈ।

ਸਤਿਗੁਰੂ ਜਗਜੀਤ ਸਿੰਘ ਜੀ ਦਾ ਕਾਰਜਕਾਲ (1959-2012) ਸੁਤੰਤਰਤਾ ਮਗਰੋਂ ਦੇ ਭਾਰਤ ਦਾ ਹੈ ਜਿਸ ਨੂੰ ਵਿਰਕ ਜੀ 'ਨਾਮਧਾਰੀ ਪੰਥ ਲਈ ਸਰਬ-ਪੱਖੀ ਵਿਕਾਸ ਦਾ ਦੌਰ' ਮਿਥਦੇ ਹਨ:

"ਆਪ ਨੇ ਆਪਣੀ ਪੁਰਾਤਨ ਗੁਰ ਮਰਿਆਦਾ, ਨਾਮਧਾਰੀ ਜੀਵਨ ਜਾਚ ਨੂੰ ਕਾਇਮ ਰੱਖਦਿਆਂ, ਆਧੁਨਿਕ ਗਿਆਨ, ਵਿਗਿਆਨ ਦੇ ਸਰੋਤਾਂ ਤੱਕ ਵੀ ਨਾਮਧਾਰੀਆਂ ਦੀ ਰਸਾਈ ਕਰਵਾਈ।...ਨਤੀਜੇ ਵਜੋਂ ਹੁਣ ਨਾਮਧਾਰੀਆਂ ਦੀ ਪਹਿਚਾਣ, ਸਫਲ ਕਾਸ਼ਤਕਾਰ, ਸਫਲ ਪਸ਼ੂ ਪਾਲਕ, ਸਫਲ ਕਾਰੋਬਾਰੀ, ਗੁਰਮਤਿ ਸੰਗੀਤ ਵਿਚ ਨਿਪੁੰਨ, ਗੁਰਬਾਣੀ ਦੇ ਸ਼ੁੱਧ ਪਾਠੀ, ਸਫਲ ਖਿਡਾਰੀ, ਵੱਖ-ਵੱਖ ਵਿਭਾਗਾਂ ਦੇ ਉਚੇ ਅਹੁਦਿਆਂ ਤੱਕ ਪੁੱਜਣ ਵਾਲੇ, ਸਾਹਿਤਕ ਜਿਊੜਿਆਂ ਵਜੋਂ ਹੋਣ ਲੱਗੀ।...ਉਹਨਾਂ ਦੇ ਸਮੇਂ...ਪੰਜਾਂ ਹੀ ਮਹਾਂਦੀਪਾਂ ਵਿਚ ਨਾਮਧਾਰੀ ਸਿੱਖ ਪੁੱਜ ਗਏ..."

1947 ਤੋਂ ਬਾਅਦ ਇਕ ਪਾਸੇ ਸਿਰਸਾ ਅਤੇ ਹੋਰ ਥਾਵਾਂ'ਤੇ ਪੱਛਮੀ ਪੰਜਾਬ ਤੋਂ ਆਇਆਂ ਦੇ ਮੁੜ-ਵਸੇਬੇ ਲਈ ਅਲਾਟਮੈਂਟ, ਮੁਕੱਦਮੇ ਅਤੇ ਵਿਕਾਸ ਦਾ ਦੌਰ ਚੱਲਦਾ ਹੈ ਅਤੇ ਦੂਜੇ ਪਾਸੇ ਮੁਲਕ ਵਿਚ ਆਜ਼ਾਦੀ ਸੰਘਰਸ਼ ਵੇਲੇ ਲਿਆ ਬਰਾਬਰੀ ਦਾ ਸਮਾਜ ਸਿਰਜਣ ਦਾ ਸੁਪਨਾ ਤ੍ਰੇੜਿਆ ਜਾਣਾ ਵੀ ਸ਼ੁਰੂ ਹੁੰਦਾ ਹੈ। ਇਸ ਮਰਹਲੇ 'ਤੇ ਕੂਕਾ ਲਹਿਰ ਦੀ ਸਾਰਥਕਤਾ ਦਾ ਸਵਾਲ ਅਹਿਮੀਅਤ ਅਖ਼ਤਿਆਰ ਕਰਦਾ ਹੈ। ਮੁਲਕ ਗ਼ੁਲਾਮ ਸੀ ਤਾਂ ਕੂਕੇ ਪੰਜਾਬ ਦੀ ਸਭ ਤੋਂ ਸਿਦਕੀ, ਸਿਰੜੀ, ਸੰਗਰਾਮੀ ਧਿਰ ਸਨ, ਪੰਜਾਬੀ ਲੋਕਾਈ ਦਾ ਹਿਰਾਵਲ ਦਸਤਾ ਸਨ। ਮੁਲਕ ਦੀ ਆਜ਼ਾਦੀ ਦਾ ਕੋਟ ਖੁਰਨਾ-ਭੁਰਨਾ ਸ਼ੁਰੂ ਹੋਇਆ ਅਤੇ ਲੋਕਤੰਤਰ ਦੇ ਸੰਕਲਪ ਨੂੰ ਬਹੁਗਿਣਤੀਵਾਦ ਵੱਲ ਧੱਕ ਲਿਆ ਗਿਆ ਤਾਂ ਕੂਕਾ ਲਹਿਰ ਕੋਲ ਮੁਲਕ ਨੂੰ ਅਗਵਾਈ ਦੇਣ ਦਾ ਹੁਣ ਕੀ ਨਿਸ਼ਾਨਾ ਹੈ? ਇਕ ਅੰਦੋਲਨ, ਇਕ ਕ੍ਰਾਂਤੀਕਾਰੀ ਕੁਰਬਾਨੀਆਂ ਨਾਲ ਭਰਪੂਰ ਪਰੰਪਰਾ ਹੁਣ ਖ਼ੁਦ ਨੂੰ ਸਮਿਆਂ ਸਾਹਮਣੇ ਨਵਿਆਏ ਜਾਣ ਦੇ ਸਵਾਲਾਂ ਨਾਲ ਦੋ-ਚਾਰ ਹੁੰਦੀ ਦਿਸਦੀ ਹੈ। ਆਪਣੀ ਭਾਈਚਾਰਕ ਏਕਤਾ ਅਤੇ ਵਿਲੱਖਣ ਸੰਪਰਦਾਈ ਪਛਾਣ ਬੇਸ਼ਕ ਬਹੁਤ ਜ਼ਰੂਰੀ ਅਤੇ ਵਾਜਿਬ ਕਾਰਜ ਹਨ, ਕਹਿਣਾ

ਸਿਰਫ਼ ਏਨਾ ਹੈ ਕਿ ਯੁਗਸੰਮਤ ਨਰੋਏ ਅਗਰਗਾਮੀ ਸੰਕਲਪ, ਅਗਵਾਈ ਅਤੇ ਉਦੇਸ਼ ਦੀ ਤੰਦ ਨੂੰ ਹਾਸਲ ਕਰਨ ਵੱਲ ਵੀ ਸਾਡੀ ਇਕਾਗਰਤਾ ਬਣੀ ਰਹੇ। ਅਜੋਕਾ ਨਾਮਧਾਰੀ ਅੰਦੋਲਨ ਆਪਣਾ ਮੂਲ ਪਛਾਣਨ ਦੀ ਬੌਧਿਕ ਅਤੇ ਭਾਵਨਾਤਮਕ ਮੁਸ਼ੱਕਤ ਦੇ ਸਵਾਲ ਨੂੰ ਮੁਖ਼ਾਤਿਬ ਹੋਵੇ। ਸੁਵਰਨ ਸਿੰਘ ਵਿਰਕ ਜੀ ਦੇ ਇਸ ਮਹਾਨ ਬੌਧਿਕ ਕਾਰਜ ਦੀ ਅੰਤਰੀਵ ਭਾਵਨਾ ਇਸ ਵਡੇਰੇ ਖ਼ਿਲਾਅ ਨੂੰ ਭਰਨ ਦੀ ਹੈ ਅਤੇ ਅੱਗੇ ਵਧਣ ਲਈ ਮੁਨਾਸਿਬ ਵਿਚਾਰਧਾਰਾ ਦਾ ਗਾਡੀਰਾਹ ਬਨਾਉਣ ਦੀ ਵੀ।

ਸਿੱਖ ਇਤਿਹਾਸ ਵਿਚ ਗਿਆਨੀ ਗਿਆਨ ਸਿੰਘ ਦੇ 'ਪੰਥ ਪਰਕਾਸ਼' ਵਾਂਗ ਵੱਡ-ਆਕਾਰੀ; ਕਰਮ ਸਿੰਘ 'ਹਿਸਟੋਰੀਅਨ' ਦੇ ਪੁਰਾਣੇ ਬਜ਼ੁਰਗਾਂ ਤੋਂ ਇਕੱਤਰ ਮੌਖਿਕ ਬਿਆਨਾਂ ਰਾਹੀਂ ਇਤਿਹਾਸ ਦੇ ਗੁੰਮ ਚਿਹਰੇ ਨੂੰ ਬੋਲ ਦੇਣ ਦਾ ਤਰੀਕਾਕਾਰ ਅਤੇ ਸੋਹਣ ਸਿੰਘ ਸੀਤਲ ਦੇ ਅਨੁਸਾਰੀ ਲਿਖਤ ਵਿਚ ਲੋਕ-ਕੰਠ ਦਾ ਤੱਤ ਨਿਭਾਉਣਾ ਤੇ ਨਿਪੁੰਨ ਢਾਡੀਆਂ ਵਾਂਗ ਪ੍ਰਸੰਗ ਖੜ੍ਹਾ ਕਰਦਿਆਂ ਪਾਠਕ ਨੂੰ ਆਪਣੇ ਬਿਆਨ ਦੇ ਨੇੜੇ ਢੁਕਾ ਲੈਣ ਦੀ ਜੁਗਤ ਨੂੰ ਸੁਵਰਨ ਸਿੰਘ ਵਿਰਕ ਨੇ ਨਿਖਾਰਿਆ-ਵਿਸਥਾਰਿਆ ਹੈ। ਮਾਨਵ ਵਿਗਿਆਨੀ ਕਲਿਫਰਡ ਗੀਅਰਟਜ਼ ਦੀ ਸੰਘਣੀ ਬਿਆਨਕਾਰੀ (Thick Description) ਦੇ ਨੇੜੇ ਰਹਿੰਦਿਆਂ ਵਿਰਕ ਜੀ ਨੇ ਗੁਰਬਚਨ ਸਿੰਘ ਭੁੱਲਰ ਦੀ ਕਹਾਣੀ 'ਵਖ਼ਤਾਂ ਮਾਰੇ' ਵਾਂਗ ਕਿਰਦਾਰਾਂ ਦੇ ਪ੍ਰਤਿਕਰਮ ਰਾਹੀਂ ਸਮਾਂ ਉਲੀਕਣ ਅਤੇ ਵਰਿਆਮ ਸਿੰਘ ਸੰਧੂ ਦੀ ਵਾਰਤਕ ਵਾਂਗ ਵਿਸਥਾਰ ਅਤੇ ਬਾਰੀਕ ਵੇਰਵੇ ਜ਼ਰੀਏ ਸਮਾਂ ਬੰਨ੍ਹਣ ਦੀ ਅਟਕਲ ਸਫਲਤਾ ਸੰਗ ਤੋੜ ਚਾੜ੍ਹੀ ਹੈ। ਵੱਡੀ ਸਫਲਤਾ ਹੈ ਕਿ ਵਿਰਕ ਜੀ ਨੇ ਕੂਕਾ-ਲਹਿਰ ਦੇ ਰਾਜਸੀ -ਵਿਚਾਰਧਾਰਕ ਸੰਕਲਪ ਨੂੰ ਕੂਕਿਆਂ ਦੇ ਜੀਵਨ-ਸ਼ਿਲਪ ਜਾਂ ਕੂਕਾ-ਕਾਰ ਵਿਚੋਂ ਉਭਾਰਿਆ ਹੈ। ਇਨ੍ਹਾਂ ਵਰਤਾਰਿਆਂ ਨੂੰ ਅਗਲੇਰੇ ਅੰਦੋਲਨਾਂ ਵਿਚ ਵਗਦਿਆਂ ਵੇਖਣਾ ਪੰਜਾਬੀ ਜੁਝਾਰੂ ਪਰੰਪਰਾ ਦੀ ਲਗਾਤਾਰਤਾ ਬਾਰੇ ਵੀ ਸਾਨੂੰ ਚੇਤੰਨ ਕਰਦਾ ਹੈ।

'ਕੂਕਾ ਲਹਿਰ ਦੇ ਅਮਰ ਨਾਇਕ' ਪੁਸਤਕ ਲੜੀ ਦੀਆਂ ਤਿੰਨ ਜਿਲਦਾਂ ਦੇ ਲਗਭਗ 2300 ਸਫ਼ਿਆਂ ਵਿਚਲੇ ਸ਼ਹੀਦ, ਸਿਦਕੀ, ਮਸਤਾਨੇ ਸੱਜਣ ਵਿਰਕ ਜੀ ਰਾਹੀਂ ਅਜੋਕੇ ਕੂਕਾ ਪੰਥ ਨਾਲ ਮੁੜ ਤੋਂ ਗੱਲ ਕਰਨੀ ਚਾਹੁੰਦੇ ਹਨ। ਜੁੜਵੇਂ ਤੌਰ 'ਤੇ ਇਹ ਪੁਸਤਕ ਲੜੀ ਬਿਨਾਂ ਕਿਸੇ ਕੁੜੱਤਣ ਜਾਂ ਮੋਰਚਾਬੰਦੀ ਦੇ, ਪੰਜਾਬ ਦੀ ਇਤਿਹਾਸਕਾਰੀ ਅਤੇ ਤਥਾਕਥਿਤ ਪੰਥਕ 'ਮੁੱਖਧਾਰਾ' ਦੇ ਸਾਹਮਣੇ ਕੂਕਾ ਲਹਿਰ ਦਾ ਨਿੱਗਰ, ਬਹੁ-ਆਯਾਮੀ ਅਤੇ ਸਮਾਨਅੰਤਰ ਸੰਸਾਰ ਸਿਰਜਦੀ ਹੈ; ਬਾਹਾਂ ਖੋਲ੍ਹ ਕੇ ਇਸ ਭਰਪੂਰ ਦੁਨੀਆਂ ਦੇ ਦਰਸ਼ਨ ਕਰਵਾਉਂਦੀ ਹੈ। ਸਾਨੂੰ ਸਬਕ ਦਿੰਦੀ ਹੈ ਕਿ ਪੰਜਾਬ ਦੀ ਗਾਥਾ ਕੂਕਾ ਲਹਿਰ ਦੇ ਜ਼ਿਕਰ ਤੋਂ ਬਿਨਾਂ ਨਾਮੁਕੰਮਲ ਹੈ, ਬਲਕਿ ਪੰਜਾਬ ਦੀ ਆਤਮਾ ਦੇ ਸਹੀ ਦੀਦਾਰ ਕੂਕਿਆਂ ਦੇ ਦਾਇਰੇ ਵਿੱਚ ਹੁੰਦੇ ਹਨ। ਵਿਰਕ ਜੀ ਦੇ ਪ੍ਰੇਰਨਾ ਸਰੋਤ ਸੰਤ ਇੰਦਰ ਸਿੰਘ ਚੱਕਰਵਰਤੀ ਦਾ ਕਥਨ ਮੇਰੀ ਮਦਦ ਕਰਦਾ ਹੈ:

"ਕੂਕੇ ਦੀ ਵਿਥਿਆ ਵਿੱਦਿਆ ਦੇ ਅਧੀਨ ਨਹੀਂ, ਕਿਉਂਕਿ ਇਹ ਕੋਈ ਦਾਰਸ਼ਨਿਕ ਫਲਸਫਾ ਨਹੀਂ। ਇਹ ਤੇ ਅਮਲ ਹੈ, ਮਸਤੀ ਹੈ, ਸਰੂਰ ਹੈ। ਇਸ ਨੂੰ ਕੋਈ ਉਹੀ ਬਿਆਨ ਕਰ ਸਕਦਾ ਹੈ, ਜਿਸ ਇਹਨਾਂ ਮਸਤਾਂ ਦੀ ਧੂਣੀ ਲਈ ਗੋਹੇ ਢੋਏ ਹੋਣ।...ਜਿੰਨਾ ਚਿਰ ਕੋਈ ਇਸ ਕੂਕਾ ਕਾਰ ਦਾ ਜਾਣੂ ਨਾ ਹੋਵੇ, ਜੋ ਕਦੀ 'ਨਾਚੁ ਰੇ ਮਨ ਗੁਰ ਕੈ ਆਗੈ' ਪੜ੍ਹਦਾ ਆਪਣੇ ਗੁਰਦੇਵ ਨੂੰ ਰਿਝਾਉਣ ਖਾਤਰ ਥਈਆ ਥਈਆ ਕਰ ਕੇ ਨਾ ਨੱਚਿਆ ਹੋਵੇ, ਓਨਾ ਚਿਰ ਉਸ 'ਤੇ ਕਿਵੇਂ ਮਸਤੀ ਦੀ ਇਨਾਇਤ ਹੋ ਸਕਦੀ ਹੈ।"

ਮੈਨੂੰ ਲਗਦਾ ਹੈ ਕਿ ਇਸ ਬਿਆਨ ਦੀ ਲੋਅ ਵਿੱਚ ਹੀ ਵਿਰਕ ਜੀ ਨੇ ਆਪਣੀ ਅਨੁਭਵੀ, ਅਨੁਰਾਗੀ ਤਰਲਤਾਨੂੰ ਪ੍ਰਮਾਣਿਕਤਾ ਨਾਲ ਸੀਖ ਕੇ ਇਹ ਇਤਿਹਾਸਕ ਬਿਰਤਾਂਤ ਸਿਰਜਿਆ ਹੈ। ਪੁਸਤਕ ਲੜੀ ਦੇ ਹੋਰ ਗੁਣਾਂ ਦੀ ਲਿਸ਼ਕ ਵਿੱਚ ਨਾ ਭੁੱਲੀਏ ਕਿ ਢਾਈ ਦਹਾਕੇ ਦੀ ਮੁਸ਼ੱਕਤ ਵਿਚੋਂ ਇਨ੍ਹਾਂ 2300 ਸਫਿਆਂ ਦਾ ਵਜ਼ਨ ਸਾਡੇ ਸਿਰ ਅਹਿਸਾਨ ਹੈ ਅਤੇ ਪੰਜਾਬੀ ਇਤਿਹਾਸਕਾਰੀ, ਸਾਹਿਤਕਾਰੀ ਅਤੇ ਵਿਚਾਰਧਾਰਾ ਲਈ ਨਵੀਂ ਧਰਤੀ ਲੱਭ ਕੇ ਦਿੰਦਾ ਹੈ। ਸਾਡੇ ਸਾਹਮਣੇ ਵੱਡੀ ਵੰਗਾਰ ਹੈ ਕਿ ਇਸ ਅਨੁਰਾਗੀ ਪ੍ਰਮਾਣਿਕਤਾ ਦੀ ਪੋਥੀ ਦੇ ਮਰਮ ਦਾ ਨਵੇਂ ਵਿਚਾਰਕ-ਰਾਜਨੀਤਕ ਸੰਦਰਭਾਂ ਵਿਚ ਅਨੁਵਾਦ ਕਿਵੇਂ ਤੋੜ ਚਾੜ੍ਹਿਆ ਜਾਏ? ਕੂਕਾ ਲਹਿਰ ਅਧਿਐਨ ਦੀ ਵਸਤੂ ਹੈ ਅਤੇ 'ਕੂਕਾ ਕਾਰ' ਇਸ ਲਹਿਰ ਦਾ ਅਨੁਭਵੀ ਪਹਿਰਨ ਹੈ, ਇਕ ਇਖ਼ਲਾਕੀ ਸੰਜੋਅ ਹੈ ਜਿਹੜੀ ਪੰਜਾਬੀ ਲੋਕਾਈ ਦੇ ਹਿਰਾਵਲ ਦਸਤੇ ਨੇ ਪਹਿਨੀ ਹੋਈ ਹੈ।

.....................................................

# ਸ੍ਰੀ ਗੁਰੂ ਤੇਗ਼ ਬਹਾਦਰ ਜੀ
# ਵਿਦਵਾਨਾਂ ਦੀ ਨਜ਼ਰ ਵਿਚ : ਜੀਵਨ ਤੇ ਸ਼ਹਾਦਤ



**ਦੇਵਿੰਦਰ ਸਿੰਘ ਗਿੱਲ**
**94177-69103**

ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਜੀਵਨ ਸੰਕਲਪ ਤੇ ਸ਼ਹਾਦਤ ਨੇ ਸਿੱਖ ਇਤਿਹਾਸ ਨੂੰ ਨਵਾਂ ਰੂਪ ਦਿੱਤਾ ਸੀ । ਉਹਨਾਂ ਦੀ ਸ਼ਹਾਦਤ ਨੇ ਸਿੱਖ ਨੂੰ ਸਿੰਘ ਦਾ ਰੂਪ ਦਿੱਤਾ ਅਤੇ ਪੰਜ ਕਕਾਰੀ ਹੋਣ ਲਈ ਮਜਬੂਰ ਕਰ ਦਿੱਤਾ ਸੀ ਗੁਰੂ ਜੀ ਦੀ ਸ਼ਹਾਦਤ ਨੇ ਸਿੱਖਾਂ ਦੇ ਹੌਸਲੇ ਬੁਲੰਦ ਕਰ ਦਿੱਤੇ, ਉਹ ਬੇਖੌਫ ਹੋ ਕੇ ਮੁਗਲ ਸਲਤਨਤ ਦੇ ਖਿਲਾਫ ਬਗਾਵਤ ਕਰਨ ਲਈ ਤੁਲ ਗਏ ਅਤੇ ਸੀਸ ਤਲੀ ਤੇ ਧਰ ਕੇ ਸ੍ਰੀ ਅਨੰਦਪੁਰ ਸਾਹਿਬ ਵੱਲ ਤੁਰ ਪਏ ਅਤੇ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਹਜ਼ੂਰੀ ਵਿਚ ਪਹੁੰਚ ਕੇ ਖੰਡੇ ਬਾਟੇ ਦਾ ਅੰਮ੍ਰਿਤ ਪਾਨ ਕਰਕੇ ਗੁਰੂ ਦੀਆਂ ਲਾਡਲੀਆਂ ਫੌਜਾਂ ਵਿਚ ਸ਼ਾਮਲ ਹੋਣ ਲੱਗੇ ਗੁਰੂ ਜੀ ਦੀ ਸ਼ਹਾਦਤ ਤੋਂ ਬਾਅਦ ਸਮਾਂ ਵਿਚਾਰ ਕੇ ਹੀ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 1699 ਈ: ਵਿਚ ਖਾਲਸਾ ਪੰਥ ਦੀ ਸਾਜਨਾ ਕੀਤੀ ਸੀ ਅਤੇ ਸਾਰੇ ਯਤਨ ਅਸਫਲ ਦੇਖਕੇ ਹੀ ਤਲਵਾਰ ਨੂੰ ਪਕੜਿਆ ਸੀ। ਕਿਉਂਕਿ ਆਪ ਜੀ ਨੇ "ਜਫਰਨਾਮਾ" ਵਿੱਚ ਲਿਖਿਆ ਹੈ ਕਿ ਜਦੋਂ ਸਾਰੇ ਯਤਨ ਨਾਕਾਮ ਹੋ ਜਾਣ ਤਾਂ ਤਲਵਾਰ ਉਠਾਣਾ ਧਰਮ ਹੋ ਜਾਂਦਾ ਹੈ :

ਚੂੰ ਕਾਰ ਅਜ਼ ਹਮਾਂ, ਹੀਲਤੇ ਦਰ ਗੁਜ਼ਸ਼ਤ।
ਹਲਾਲ ਅਸਤ ਬੁਰਦਨ ਬਾ ਸ਼ਮਸ਼ੀਰ ਦਸਤ॥

ਨੌਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਸ਼ਹੀਦ ਹੋਣ ਦੀ ਜਾਚ ਆਪਣੇਂ ਬਾਬਾ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਤੋਂ ਸਿੱਖੀ ਤੇ ਉਸੇ ਪਰੰਪਰਾ ਨੂੰ ਅੱਗੇ ਤੋਰਿਆ। ਮੁਗਲ ਸਲਤਨਤ ਜਿਸ ਦਾ ਕਦੇ ਸੂਰਜ ਨਹੀਂ ਸੀ ਡੁੱਬਦਾ, ਉਸਨੂੰ ਨੇਸਤੋ-ਨਾਬੂਦ ਕਰਕੇ ਰੱਖ ਦਿੱਤਾ। ਸ਼ਹਾਦਤ ਦਾ ਜਾਮ ਪੀਣ ਤੋਂ ਕਾਫੀ ਸਮਾਂ ਪਹਿਲਾਂ ਉਹਨਾਂ ਨੂੰ ਪਰਪੱਕਤਾ ਹਾਸਲ ਕਰਨੀ ਪਈ। ਗੁਰ ਪਿਤਾ ਸਾਹਿਬ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੀਆਂ ਸਿੱਖਿਆਵਾਂ ਤੇ ਅਮਲ ਕਰਕੇ ਉਹ ਸ਼ਹਾਦਤ ਦੇ ਰੁਤਬੇ ਨੂੰ ਹਾਸਲ ਕਰਨ ਦੇ ਯੋਗ ਹੋਏ ਅਤੇ ਫਿਰ 11 ਨਵੰਬਰ, 1675 ਈ: ਨੂੰ ਦਿੱਲੀ ਵਿਖੇ ਲਾਲ ਕਿਲ੍ਹੇ ਦੇ ਨੇੜੇ ਚਾਂਦਨੀ ਚੌਂਕ ਵਿੱਚ ਜਾਮੇ-ਸ਼ਹਾਦਤ ਪੀ ਗਏ ਜੋ ਧਰਮ ਦੀ ਰੱਖਿਆ ਖਾਤਰ ਪੀਣਾ ਪ੍ਰਵਾਨ ਕੀਤਾ। ਫਿਰ ਉਹ ਹਿੰਦੂ ਧਰਮ ਜਿਸਦੇ ਆਪ ਧਾਰਨੀ ਨਹੀਂ ਸਨ, ਉਹ ਬ੍ਰਾਹਮਣੀ ਕਰਮ ਕਾਂਡ ਜਿਸਦੀ ਗੁਰੂ ਸਾਹਿਬ ਜੀ ਨੇ ਬਾਣੀ ਅੰਦਰ ਨਿਖੇਧੀ ਕੀਤੀ ਸੀ, ਉਹਨਾਂ ਦੇ ਧਾਰਨੀਆਂ ਖਾਤਰ ਆਪਣਾ ਆਪ ਨਿਛਾਵਰ ਕਰ ਗਏ। ਗੁਰੂ ਜੀ ਦੀ ਸ਼ਹਾਦਤ ਬਾਰੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੀ ਰਚਨਾ "ਬਚਿੱਤਰ ਨਾਟਕ" ਵਿਚ ਲਿਖਦੇ ਹਨ :

ਤਿਲਕ ਜੰਞੂ ਰਾਖਾ ਪ੍ਰਭ ਤਾਕਾ,
ਕੀਨੋ ਬਡੋ ਕਲੂ ਮਹਿ ਸਾਕਾ॥
ਸਾਧਨਿ ਹੇਤਿ, ਇਤੀ ਜਿਨਿ ਕਰੀ,
ਸੀਸੁ ਦੀਆ ਪਰ ਸੀ ਨ ਉਚਰੀ॥੩॥
ਧਰਮ ਹੇਤੁ ਸਾਕਾ ਜਿਨਿ ਕੀਆ,
ਸੀਸੁ ਦੀਆ ਪਰ ਸਿਰਰੁ ਨ ਦੀਆ॥
ਨਾਟਕ ਚੇਟਕ ਕੀਏ ਕੁਕਾਜਾ,
ਪ੍ਰਭ ਲੋਗਨ ਕਹ ਆਵਤ ਲਾਜਾ॥ 4॥

ਦੋਹਿਰਾ॥

ਠੀਕਰਿ ਫਿਰਿ ਦਿਲੀਸਿ ਸਿਰਿ,
ਪ੍ਰਭ ਪੁਰ ਕੀਯਾ ਪਯਾਨ॥
ਤੇਗ ਬਹਾਦਰ ਸੀ ਕ੍ਰਿਆ,
ਕਰੀ ਨ ਕਿਨਹੂੰ ਆਨ॥ ੪॥
ਤੇਗ ਬਹਾਦਰ ਕੇ ਚਲਤ,
ਭਯੋ ਜਗਤ ਕੋ ਸੋਕ
ਹੈ ਹੈ ਹੈ ਸਭ ਜਗ ਭਯੋ,
ਜੈ ਜੈ ਜੈ ਸੁਰ ਲੋਕ॥16॥

ਕਵੀ ਸੈਨਾਪਤੀ ਜੋ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮਕਾਲੀ ਸਨ, ਆਪਣੀ ਰਚਨਾ "ਸ੍ਰੀ ਗੁਰੂ ਸੋਭਾ" ਦੇ ਪੰਨਾ. 10 ਉੱਤੇ ਲਿਖਦੇ ਹਨ ਕਿ ਨੌਵੇਂ ਗੁਰੂ ਜੀ, ਗੁਰੂ ਨਾਨਕ ਦੇਵ ਜੀ ਦੀ ਜੋਤ ਹੀ ਸਨ, ਉਹਨਾਂ ਦਾ ਰੂਪ ਹੀ ਸਨ ਅਤੇ ਉਹਨਾਂ ਹਿੰਦੂ ਧਰਮ ਦੀ ਰੱਖਿਆ ਲਈ ਦਿੱਲੀ ਜਾ ਕੇ ਆਪਣਾ ਸੀਸ ਵਾਰਿਆ।

ਪ੍ਰਥਮੇ ਸਤਿਗੁਰ ਨਾਨਕ ਭਏ,
ਅੰਗਦ ਅਮਰਦਾਸ ਪ੍ਰਗਟਏ॥2॥
ਤਿਹ ਤੇ ਰਾਮ ਦਾਸ ਗੁਰੂ ਜਾਨੋ,
ਅਰਜਨ ਹਰਿਗੋਬਿੰਦ ਪਛਾਨੋ॥
ਤਿਹ 'ਤੇ ਗੁਰੂ ਭਏ ਹਰਿ ਰਾਏ,
ਫੇਰਿ ਗੁਰੂ ਹਰਿ ਕ੍ਰਿਸ਼ਨ ਕਹਾਇ॥3॥
ਪ੍ਰਗਟ ਭਏ ਗੁਰੂ ਤੇਗ ਬਹਾਦਰ,
ਸਗਲ ਸ੍ਰਿਸਟਿ ਪੈ ਢਾਪੀ ਚਾਦਰ॥
ਕਰਮ ਧਰਮ ਕੀ ਜਿਨ ਪਤਿ ਰਾਖੀ,
ਅਟਲ ਕਰੀ ਕਲਿਜੁਗ ਮੈ ਸਾਖੀ॥14॥
ਸਗਲ ਸ੍ਰਿਸਟਿ ਜਾ ਕਾ ਜਗ ਭਯੋ,
ਜਿਹ ਤੇ ਸਰਬ ਧਰਮ ਬਚਯੋ॥
ਤੀਨ ਲੋਕ ਮੈਂ ਜੋ ਭਾਈ,
ਸਤਿਗੁਰ ਪੈਜ ਰਾਖਿ ਇਸ ਲਈ॥15॥
ਤਿਲਕ ਜਨੇਊ ਅਰੁ ਧਰਮਸਾਲਾ,
ਅਟਲ ਕਰੀ ਗੁਰੂ ਭਏ ਦਯਾਲਾ॥
ਧਰਮ ਹੇਤ ਪ੍ਰਭ ਪੂਰਹਿ ਸਿਧਾਏ,
ਗੁਰ ਗੋਬਿੰਦ ਸਿੰਘ ਕਹਲਾਏ॥੧੬ ॥

ਕਾਵਿ ਕੋਇਰ ਸਿੰਘ ਜੀ ਗਰੰਥ "ਗੁਰ ਬਿਲਾਸ ਪਾਤਿਸ਼ਾਹੀ 10" ਵਿਚ ਦੇ ਜੀਵਨ ਅਤੇ ਸ਼ਹਾਦਤ ਬਾਰੇ ਇਸ ਪ੍ਰਕਾਰ ਵਿਚਾਰ ਪ੍ਰਗਟ ਕਰਦੇ ਹਨ :

ਸਵੈਯਾ :

ਪੁਨਿ ਬੈਠ ਕਹੈ ਤਬ ਔਰੰਗ ਨੇ,
ਤੁਮ ਦਿਹੁ ਦਿਖਹੁ ਜੋ ਕੁਦਰਤਿ ਸਾਰੀ॥
ਹੈ ਕਰਾਮਾਤ ਸੁ ਦੇਹ ਦਿਖਾਟ,
ਤਬੈ ਗੁਰ ਯੋ ਕਹਿ ਬੈਠ ਉਚਾਰੀ॥
ਕਰਾਮਾਤ ਸਹੀ ਪ੍ਰਭ ਕੇ ਢਿੰਗ ਹੈ,
ਹਮ ਤੋ ਇਨ ਦਾਸਨ ਦਾਸ ਪ੍ਰਕਾਰੀ॥
ਕੁਦਰਤ ਜਾਹਿਰ ਹੈ ਤਿਨ ਕੀ, ਨਹਿ ਜਾਨਤ ਜੇ,
ਸੋਈਮੰਦ ਲਿਖਾਰੀ॥ 325॥
ਬਿਧਾ ਸੰਭਨੁ ਜਾਨ ਸਕੈ ਗਤਿਜਾਹਿ ਕੀ
ਔਰ ਪਿਕੰਬਰ ਕੇ ਗਨਯਾਰੀ॥
ਤਾਹਿ ਕੁਟੰਬ ਜਰਾ ਅਤਿ ਹੀ ਕ੍ਰਿਤ,
ਸੰਤ ਸਦਾ ਹਰਿ ਨਾਮ ਉਚਾਰੀ॥
ਮੂਰਖ ਜੋ ਮਨ ਤੋਰ ਰੁਚੈ॥
ਸੋਈ ਬਾਤ ਕਰੋ ਕਰ ਢੀਲ ਬਿਚਾਰੀ॥
ਕਾਫਰ ਤੇਰ ਹੀ ਦੀਨ ਹਤੇ,
ਪ੍ਰਭ ਜਾਕਰ ਮਨ ਕਰੋ ਸਠ ਭਾਰੀ॥੩੨੬॥

ਨੌਵੇਂ ਪਾਤਸ਼ਾਹ ਦੀ ਮਹਾਨ ਸ਼ਖਸੀਅਤ ਬਾਰੇ ਬਾਵਾ ਸਰੂਪ ਦਾਸ ਭੱਲਾ ਜੀ ਗਰੰਥ "ਮਹਿਮਾ ਪ੍ਰਕਾਸ਼' ਵਿਚ ਇਸ ਪ੍ਰਕਾਰ ਵਿਚਾਰ ਪ੍ਰਗਟਾਂਦੇ ਹਨ :

ਸਦਾ ਦਿਆਲ ਕ੍ਰਿਪਾਲ
ਦਇਆ ਨਿਧਾ, ਅੰਤਰਜਾਮੀ॥
ਸੰਗਤ ਕਰੀ ਨਿਹਾਲੁ ਸਦਾ ਹਿਤ ਪੂਰਨਕਾਮੀ॥
ਦ੍ਰਿਸ਼ਟ ਧਰਨ, ਤਮਹਰਨ, ਹੋਤ ਪ੍ਰਕਾਸ ਰਿਦੰਤਰ॥
ਧੁਨ ਅਨਹਦ ਝੁਨਕਾਰ, ਸਦਾ ਬਾਜੈ ਮਨ ਮੰਦਰ॥
ਸਰਬ ਪਦਾਰਥ ਗਿਆਨ ਨਿਧ
ਕ੍ਰਿਪਾ ਦ੍ਰਿਸ਼ਟ ਜਿਹ ਪਰ ਕਰੋ॥
ਸੋ ਜੋਗੀ ਭੋਗੀ ਸੁਧਾ
ਗੁਰੂ ਤੇਗ ਬਹਾਦਰ ਜਿਹ ਭਰੇ॥੬॥
ਮਮ ਅਨਾਥ ਗੁਰ ਨਾਥ,
ਸਦਾ ਤੁਮਰੀ ਸਰਨਾਈ॥
ਦੀਨ ਬੰਧ ਗੁਰ ਦਿਆਲ,
ਪਤਿਤ ਪਾਵਨ ਬਿਰਦਾਈ॥
ਕਵਨ-ਕਵਨ ਨਹੀਂ ਤਰੇ,
ਬਿਰਦ ਤੁਮਰੋ ਜਿਨ ਲੀਨਾ॥
ਮਹਾ ਮੁਗਧ ਖਲ ਮੂੜ,
ਭਏ ਚਮਗਿਆਨ ਪ੍ਰਬੀਨਾ॥
ਅਬ ਕਿਆ ਕਟਾਛ ਮੈਂ ਪਰ ਧਰੋਂ,
ਤਾਹਿ ਤਾਹਿ ਤੁਮ ਸਰਨ॥
ਗੁਰੂ ਤੇਗ ਬਹਾਦਰ ਦੁਖ ਹਰਨ,
ਦੇਹ ਮਹਾਂ ਸੁਖ ਤਾਰਨ ਤਰਨ॥੧॥

ਕਵੀ ਸੁਖਾ ਸਿੰਘ ਜੀ ਗਰੰਥ "ਗੁਰ ਬਿਲਾਸ ਪਾਤਿਸ਼ਾਹੀ ਦਸਵੀਂ" ਵਿਚ ਸਤਿਗੁਰੂ ਦੇ ਤਿਆਗ ਅਤੇ ਮਹਾਨ ਸ਼ਖਸੀਅਤ ਬਾਰੇ ਇਸ ਪ੍ਰਕਾਰ ਲਿਖਦੇ ਹਨ :

ਕਹੀ ਪੁਨ ਭਯੋ ਜਉ ਲੇ ਗਯੋ ਚੜਤ ਵਹ,

ਨਹੀ ਕਛੁ ਚਿੰਤ ਹਮ ਕੋ ਸੁ ਭਾਈ॥
ਦਰਬ ਕੋ ਕਾਜ ਕੁਛ ਗੁਰੂ ਮਹਾਰਾਜ ਨੇ,
ਨਹੀਂ ਇਹ ਬੈਠ ਦੁਕਾਨ ਪਾਈ॥
ਰਿੱਧ ਜੋ ਸਿਧ ਪੁਨ ਉਸਤਤੀ ਨਿੰਦਯਾ,
ਸੰਤ ਕੋ ਏਕ ਮਮ ਹੈ ਜਤਾਈ॥
ਕਨਿਕ, ਜੋ ਮਨਿਕ ਖ਼ੂਨ ਲੈਸੰਟ ਜਾਨੀਐਂ,
ਸੂਧਾਂ ਤੇ ਜਹਿਰ ਸਭ ਏਕ ਜਾਈ॥੪੫॥

ਗਿਆਨੀ ਗਿਆਨ ਸਿੰਘ ਜੀ " ਤਵਾਰੀਖ ਗੁਰੂ ਖਾਲਸਾ" ਵਿਚ ਲਿਖਦੇ ਹਨ:

"ਸ੍ਰੀ ਗੁਰੂ ਤੇਗ਼ ਬਹਾਦਰ ਜੀ ਅਤਿ ਸੁੰਦਰ, ਮੋਟੇ ਨਕਸ਼, ਆਹੂ ਨੇਤ੍ਰ ਰਤਨਾਰੇ, ਸੁਮਿੱਲ ਕੱਦ, ਚੌੜੀ ਛਾਤੀ, ਉੱਚੇ ਕੰਧੇ ਭੁਜਾ ਪ੍ਰਲੰਬ, ਸਿੱਧੀ ਚੁਗਿਰਦ ਦਾੜ੍ਹੀ, ਗੋਲ ਚਿਹਰਾ, ਮੱਥਾ ਉੱਚਾ, ਬਹੁਤ ਧੀਰਜੀ, ਸੰਤੋਖੀ, ਜਤੀ-ਸਤੀ, ਦੂਰ-ਅੰਦੇਸ਼ੀ, ਸੱਚੇ ਧਰਮੀ, ਵੈਰਾਗਿ ਦੀ ਮੂਰਤਿ, ਬ੍ਰਹਮਗਯਾਨ ਦੀ ਸੂਰਤਿ, ਭੋਲੇ-ਭਾਲੇ ਸਤਿਪੁਰਖ ਸਨ।"

ਭਾਈ ਸਾਹਿਬ ਭਾਈ ਕਾਹਨ ਸਿੰਘ ਨਾਭਾ ਨੇ ਸੁਪ੍ਰਸਿੱਧ ਪੁਸਤਕ "ਗੁਰੂ ਸ਼ਬਦ ਰਤਨਾਕਰ ਮਹਾਨ ਕੋਸ਼' ਦੇ ਪੰਨਾ 449 ਤੇ ਗੁਰੂ ਜੀ ਦੇ ਜੀਵਨ ਬਾਰੇ ਇਸ ਪ੍ਰਕਾਰ ਨੋਟ ਪ੍ਰਕਾਸ਼ਤ ਕੀਤਾ ਹੈ।

"ਸਿੱਖ ਕੌਮ ਦੇ ਨੌਵੇਂ ਪਾਤਸ਼ਾਹ, ਜਿਨ੍ਹਾਂ ਦਾ ਜਨਮ 5 ਵੈਸਾਖ (ਵੈਸਾਖ ਵਦੀ 5) ਸੰਮਤ 1678 (1 ਅਪ੍ਰੈਲ 1621) ਨੂੰ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਘਰ, ਮਾਤਾ ਨਾਨਕੀ ਜੀ ਤੋਂ ਅੰਮ੍ਰਿਤਸਰ ਹੋਇਆ, 15 ਅਸੂ ਸੰਮਤ 1689 ਨੂੰ ਸ਼੍ਰੀਮਤੀ ਗੁਜਰੀ ਜੀ ਨਾਲ ਕਰਤਾਰਪੁਰ ਵਿਚ ਵਿਆਹ ਹੋਇਆ। ਚੇਤ ਸੁਦੀ 14 (24 ਚੇਤ) ਸੰਮਤ 1722 (20 ਮਾਰਚ, ਸੰਨ 1665) ਨੂੰ ਗੁਰੂ ਨਾਨਕ ਦੇਵ ਜੀ ਦੇ ਸਿੰਘਾਸਨ ਤੇ ਵਿਰਾਜ ਕੇ ਅਨੰਦ ਜੀਵਾਂ ਨੂੰ ਸਮਾਰਗ ਪਾਇਆ। ਪ੍ਰਚਾਰ ਲਈ ਜੰਗਲ ਵਿਚ (ਮਾਲਵਾ) ਪੁਆਧ, ਬਾਂਗਰ, ਪੂਰਬ ਬਿਹਾਰ, ਬੰਗਾਲ ਵਿਚ ਵਿਚਰ ਕੇ ਸੱਚਾ ਧਰਮ ਦ੍ਰਿੜਾਇਆ। ਆਪ ਦੀ ਬਾਣੀ ਪ੍ਰੇਮ ਅਤੇ ਵੈਰਾਗ ਮਈ ਅਜਿਹੀ ਅਦਭੁਤ ਹੈ ਕਿ ਕਠੋਰ ਮਨਾਂ ਨੂੰ ਕੋਮਲ ਕਰਨ ਦੀ ਆਧਾਰ ਸ਼ਕਤੀ ਰੱਖਦੀ ਹੈ।"

"ਸਤਲੁਜ ਦੇ ਕਿਨਾਰੇ ਪਹਾੜੀ ਰਾਜਿਆਂ ਤੋਂ ਜ਼ਮੀਨ ਖਰੀਦ ਕੇ ਆਨੰਦਪੁਰ ਨਗਰ ਵਸਾਇਆ ਜੋ ਖਾਲਸੇ ਦਾ ਵਾਸੀ ਹੈ। ਭਾਰਤ ਦਾ ਜੁਲਮ ਦੂਰ ਕਰਨ, ਧਰਮ ਦਾ ਬੀਜ ਰਖਣ ਲਈ ਆਪ ਨੇ ਭਾਰਤ ਦੀ ਯੁੱਗ ਵੇਦੀ ਤੇ ਆਪਣਾ ਸੀਸ ਮੱਘਰ ਸੁਦੀ 5 ਸੰਮਤ 1732 (12 ਮਘਰ 11 ਨਵੰਬਰ, ਸੰਨ 1675) ਨੂੰ ਚੜ੍ਹਾਇਆ" ਦਸ਼ਮੇਸ਼ ਜੀ ਬਚਿੱਤਰ ਨਾਟਕ ਵਿਚ ਲਿਖਦੇ ਹਨ :

ਠੀਕਰ ਫੋਰਿ ਦਿਲੀਸਿ ਸਿਰਿ
ਪ੍ਰਭ ਪੁਰ ਕਿਯਾ ਪਯਾਨ
ਤੇਗ਼ ਬਹਾਦਰ ਸੀ ਕ੍ਰਿਆ
ਕਰੀ ਨਾ ਕਿਨਹੂੰ ਆਨ॥

ਨੌਵੇਂ ਸਤਿਗੁਰੂ ਦੇ ਸ਼ਹੀਦੀ ਅਸਥਾਨ ਦਾ ਨਾਮ ਸੀਸ ਗੰਜ ਹੈ, ਜੋ ਦਿੱਲੀ ਵਿਚ ਵਿਦਮਾਨ ਹੈ ਅਤੇ ਦੇਹ ਦੇ ਸੰਸਕਾਰ ਦੇ ਅਸਥਾਨ ਦਾ ਨਾਮ ਰਕਾਬ ਗੰਜ ਹੈ। ਆਪ ਜੀ ਨੇ 10 ਵਰ੍ਹੇ 7 ਮਹੀਨੇ 18 ਦਿਨ ਗੁਰਤਾ ਕੀਤੀ ਅਤੇ 54 ਵਰ੍ਹੇ 4 ਮਹੀਨੇ 7 ਦਿਨ ਸਾਰੀ ਅਵਸਥਾ ਭੋਗੀ।

ਤੇਗ ਬਹਾਦਰ ਸਿਮਰੀਐ
ਘਰ ਨੌ ਨਿਧਿ ਆਵੈ ਧਾਇ॥
(ਚੰਡੀ)

ਡਾਕਟਰ ਤਰਲੋਚਨ ਸਿੰਘ ਪੁਸਤਕ "ਸ੍ਰੀ ਗੁਰੂ ਤੇਗ ਬਹਾਦਰ" (ਅੰਗਰੇਜੀ) ਪੰਨਾ. 7 ਉਪਰ ਸਤਿਗੁਰਾਂ ਦੀ ਸ਼ਖਸੀਅਤ ਬਾਰੇ ਇਸ ਪ੍ਰਕਾਰ ਲਿਖਦੇ ਹਨ :

"ਬਚਪਨ ਵਿਚ ਗੁਰੂ ਤੇਗ਼ ਬਹਾਦੁਰ ਇਕਾਂਤੀ, ਪਰੰਤੂ ਚੁਪ ਸਨ। ਉਹ ਖਾਮੋਸ਼ ਅਤੇ ਸਮਾਧੀ ਵਿਚ ਰਹਿਣਾ ਪਸੰਦ ਕਰਦੇ ਸਨ, ਪਰੰਤੂ ਸਿਖਿਆ ਲੈਣ ਵਿਚ ਬੜੇ ਤੀਬਰ ਅਤੇ ਕਾਹਲੇ ਸਨ। ਜਦੋਂ ਤੁਰਨ ਜੋਗੇ ਹੋਏ ਤਾਂ ਘਰ ਵਿਚ ਮਾਤਾ ਦੇ ਪਿੱਛੇ-ਪਿੱਛੇ ਲਗੇ ਫਿਰਦੇ ਅਤੇ ਉਸਦੇ ਪਿਆਰ ਭਰੇ ਬਚਨਾਂ ਨੂੰ ਸੁਣਦੇ ਰਹਿੰਦੇ। ਉਹਨਾਂ ਦੇ ਮੁਖੜੇ ਤੇ ਅਜਿਹੀ ਮੁਸਕਾਨ ਰਹਿੰਦੀ ਜੋ ਹੋਰਨਾਂ ਦੇ ਦਿਲਾਂ ਅੰਦਰ ਉਨਾਂ ਲਈ ਪਿਆਰ ਤੇ ਸਾਥੀ ਬਣਨ ਦੀ ਚਾਹ ਪੈਦਾ ਕਰੇ। ਜਦੋਂ ਉਹ ਵੱਡੇ ਹੋਏ ਤਾਂ ਬਾਹਰ ਇਕਾਂਤ ਵਿਚ ਬੈਠਣਾ ਪਸੰਦ ਕਰਦੇ ਅਤੇ ਜ਼ਿੰਦਗੀ ਤੇ ਕੁਦਰਤ ਬਾਰੇ ਡੂੰਘੀਆਂ ਸੋਚਾਂ ਵਿੱਚ ਪੈ ਜਾਂਦੇ ਉਹ ਕੁਦਰਤੀ ਬੇਅੰਤਤਾ ਤੇ ਖੂਬਸੂਰਤੀ ਵਿਚ ਗੁਆਚ ਜਾਂਦੇ। ਉਹ ਭਾਵੇਂ ਗੁਰਬਾਣੀ ਦੇ ਡੂੰਘੇ ਭਾਵਾਂ ਨੂੰ ਅਜੇ ਨਹੀਂ ਸਮਝਦੇ ਸਨ, ਪਰੰਤੂ ਉਹ ਬਾਣੀ ਦੇ ਗਾਇਨ ਨੂੰ ਬੜੀ ਮਸਤੀ ਨਾਲ ਸੁਣਦੇ। ਬਚਪਨ ਤੋਂ ਹੀ ਉਨ੍ਹਾਂ ਦੀ ਬੁੱਧੀ ਬੜੀ ਤੀਖਣ ਤੇ ਜ਼ਹਾਨਤ ਵਾਲੀ ਸੀ। ਜੋ ਆਵਾਜ਼ਾਂ ਉਹ ਸੁਣਦੇ ਜਾਂ ਰੰਗ-ਬਰੰਗੀ ਕੁਦਰਤ ਵੇਖਦੇ। ਉਸ ਨਾਲ ਉਹ ਵਿਸਮਾਦ ਵਿਚ ਗੁਆਚ ਜਾਂਦੇ। ਬਚਪਨ ਤੋਂ ਹੀ ਉਹ ਬੜੇ ਕੋਮਲ, ਗਰੀਬ-

ਗੁਰਬੇ, ਦੁਖੀਆਂ ਦੀ ਸਾਰ ਲੈਣ ਤੇ ਹਰੇਕ ਜੀਵ ਨਾਲ ਹਮਦਰਦੀ ਰੱਖਣ ਵਾਲੇ ਸਨ।"

ਪ੍ਰੋਫੈਸਰ ਕਰਤਾਰ ਸਿੰਘ ਪੁਸਤਕ ਸਿੱਖ ਇਤਿਹਾਸ ਭਾਗ ਪਹਿਲਾ ਪੰਨਾ 302 ਤੇ ਗੁਰੂ ਜੀ ਬਾਰੇ ਲਿਖਦੇ ਹਨ:

"ਆਪ ਜੀ ਦਾ ਨਿੱਜੀ ਅਤੇ ਘਰੋਗੀ ਜੀਵਨ ਬੜਾ ਸਾਦਾ, ਪੱਧਰਾ ਅਤੇ ਸੁਖੀ ਸੀ। ਆਪ ਦਾ ਮਨ ਸੰਸਾਰ ਦੇ ਲਾਲਚ, ਮੋਹਾਂ, ਝਗੜਿਆਂ ਤੇ ਰੋਸਾਂ ਤੋਂ ਬੇਲਾਗ ਸੀ। ਆਪ ਨਿਵੇਕਲੇ ਤੇ ਅਡੋਲ ਚਿਤ ਰਹਿ ਕੇ ਪ੍ਰਮਾਤਮਾ ਦੀ ਸਿਮਰਨ ਕਰਦੇ ਤੇ ਆਪਣੇ ਦਿਲ ਨੂੰ ਹੋਰ ਵੀ ਮਜ਼ਬੂਤ ਅਤੇ ਅਹਿੱਲ ਬਣਾਉਂਦੇ ਰਹਿੰਦੇ ਸਨ। ਆਪ ਨੇ ਆਪਣੀਆਂ ਖਾਹਸ਼ਾਂ, ਬਿਰਤੀਆਂ ਤੇ ਰੁਚੀਆਂ ਨੂੰ ਪੂਰਨ ਤੌਰ ਤੇ ਵੱਸ ਕਰ ਲਿਆ ਸੀ। ਜਦ ਸ੍ਰੀ ਹਰਿ ਗੋਬਿੰਦ ਸਾਹਿਬ ਨੇ ਗੁਰ ਗੱਦੀ ਲਈ ਨੀਅਤ ਕੀਤਾ ਤਾਂ ਆਪ ਦੇ ਮਨ ਵਿਚ ਰਤੀ ਭਰ ਵੀ ਅਫਸੋਸ ਨਾ ਪੈਦਾ ਹੋਇਆ। ਆਪ ਦੇ ਮਨ ਵਿਚ ਨਾਂ ਨੂੰ ਵੀ ਖਿਆਲ ਨਾ ਉਪਜਿਆ ਕਿ ਗੁਰ ਗੱਦੀ ਸਾਨੂੰ ਮਿਲਣੀ ਚਾਹੀਦੀ ਸੀ। ਇਸੇ ਤਰ੍ਹਾਂ ਜਦ ਸਤਵੇਂ ਗੁਰੂ ਜੀ ਜੋਤੀ ਜੋਤ ਸਮਾਏ ਅਤੇ ਉਨ੍ਹਾਂ ਨੇ ਗੁਰ ਗੱਦੀ ਲਈ ਆਪ ਨੂੰ ਨਾ ਚੁਣਿਆ, ਸਗੋਂ ਪੰਜਾਂ ਸਾਲਾਂ ਦੀ ਉਮਰ ਦੇ ਸ੍ਰੀ ਹਰਿ ਕ੍ਰਿਸ਼ਨ ਸਾਹਿਬ ਜੀ ਨੂੰ ਗੁਰਤਾ ਦਿੱਤੀ, ਤਾਂ ਵੀ ਆਪ ਦੇ ਮਨ ਵਿਚ ਉਦੋਂ ਵੀ ਕੋਈ ਰੋਸ, ਅਫਸੋਸ ਜਾਂ ਲਾਲਚ ਪੈਦਾ ਨਾ ਹੋਇਆ।"

"ਦਸ ਗੁਰ ਰਤਵਾਨਲੀ ਪੁਸਤਕ ਦੇ ਪੰਨਾ ੧੬੮ ਤੋਂ ੧੭੬ ਤੱਕ ਗੁਰੂ ਜੀ ਦੀ ਮਹਾਨ ਸ਼ਖਸੀਅਤ ਬਾਰੇ ਕੁਝ ਸੰਖੇਪ ਵੇਰਵਾ ਇਸ ਪ੍ਰਕਾਰ ਅੰਕਿਤ ਹੈ :

"ਕਸ਼ਮੀਰ ਦੇ ਪੰਡਤ ਅਤੇ ਦੇਸ਼ ਦੇ ਮਜ਼ਲੂਮ ਹਿੰਦੂ ਲੋਕ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਰਨ ਵਿੱਚ ਆਨੰਦਪੁਰ ਸਾਹਿਬ ਵਿਖੇ ਹਾਜ਼ਰ ਹੋ, ਫਰਯਾਦੀ ਹੋਏ ਅਤੇ ਗੁਰੂ ਜੀ ਨੇ ਉਹਨਾਂ ਦੇ "ਤਿਲਕ ਜੰਞੂ' ਅਥਵਾ ਧਾਰਮਿਕ ਅਕੀਦੇ ਦੀ ਰਾਖੀ ਲਈ ਦੇਸ਼ ਦੀ ਰਾਜਧਾਨੀ, ਦਿੱਲੀ ਵਿਖੇ, ਇਹ ਸ਼ਹਾਦਤ ਦਿੱਤੀ। "ਤਿਲਕ ਜੰਞੂ ਰਾਖਾ ਪ੍ਰਭ ਤਾਕਾ ਤੁਕ ਵਿੱਚ ਪਦ "ਤਾਕਾ" ਵਿਸ਼ੇਸ਼ ਤੌਰ ਉੱਤੇ ਮਹੱਤਵਪੂਰਨ ਤੇ ਵਿਚਾਰ ਯੋਗ ਹੈ। "ਤਾਕਾ" ਦਾ ਅਰਥ ਹੈ- ਉਹਨਾਂ ਦਾ ਭਾਵ, ਉਨ੍ਹਾਂ ਲੋਕਾਂ ਦਾ ਜਿਨ੍ਹਾਂ ਦਾ ਧਾਰਮਿਕ ਅਕੀਦਾ ਤਿਲਕ, ਜੰਞੂ ਨਾਲ ਵਾਬਸਤਾ ਸੀ। ਸੰਸਾਰ ਦੇ ਧਾਰਮਿਕ ਇਤਿਹਾਸ ਅਤੇ ਸ਼ਹਾਦਤਾਂ ਦੀ ਲੜੀ ਵਿੱਚ ਆਪਣੇ ਵਿਸ਼ਵਾਸ ਲਈ ਤਾਂ ਮਾਰਨ ਤੇ ਪ੍ਰਭ-ਲੋਕ ਸਦਾ ਆਪਾ ਵਾਰਦੇ ਆਏ ਹਨ, ਪਰੰਤੂ ਉਸ ਧਾਰਮਿਕ ਆਕੀਦੇ (ਨਿਸ਼ਚੇ) ਦੀ ਰਾਖੀ ਲਈ ਜਾਨ ਤੱਕ ਦੀ ਬਾਜ਼ੀ ਲਾ ਦੇਣਾ, ਜਿਸ ਵਿੱਚ ਆਪਣਾ ਨਿਸ਼ਚਾ ਤੱਕ ਨਾ ਹੋਵੇ, ਸੰਸਾਰ ਦੀਆਂ ਕੁਰਬਾਨੀਆਂ ਦੇ ਇਤਿਹਾਸ ਵਿਚ ਇਕ ਆਲੌਕਿਕ ਘਟਨਾ ਸੀ। ਇਹੀ ਕਾਰਨ ਸੀ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਸ਼ਹਾਦਤ ਨੂੰ ਕਲਜੁੱਗ ਵਿਚ ਵਾਪਰਿਆ "ਵੱਡਾ ਸਾਕਾ" ਕਰਕੇ ਬਿਆਨਿਆ ਹੈ।"

ਸ੍ਰੀ ਗੁਰੂ ਜੀ ਨੂੰ ਜਦ ਇਸਲਾਮ ਕਬੂਲਣ ਜਾਂ ਕਰਾਮਾਤ ਵਿਖਾਉਣ ਲਈ ਕਿਹਾ ਗਿਆ ਤਾਂ ਆਪ ਨੇ ਇਹ ਦੋਵੇਂ ਗੱਲਾਂ ਕਰਨ ਤੋਂ ਇਨਕਾਰ ਕਰ ਦਿੱਤਾ। ਕਿਸੇ ਡਰ ਜਾਂ ਲੋਭ ਲਾਲਚ ਵਿਚ ਆਕੇ ਦੀਨ ਬਦਲਣਾ ਜਾਂ ਕਰਾਮਾਤਾਂ (ਨਾਟਕ ਚੇਟਕ) ਦੇ ਚੱਕਰ ਵਿਚ ਪੈਣਾ ਉਨ੍ਹਾਂ ਦੀਆਂ ਪਵਿੱਤਰ ਤੇ ਬੇਬਾਕ ਨਜ਼ਰਾਂ ਵਿਚ ਇਕ ਕਹਿਰ ਸੀ, ਇਕ ਉਪੱਦਰ ਤੇ ਕਾਇਰਤਾ ਸੀ। ਅਜਿਹਾ ਕਰਨਾ ਜ਼ਲਾਲਤ, ਹਉਮੈ ਤੇ ਝੂਠੀ ਮਾਣ ਵਡਿਆਈ ਵਿਚ ਪ੍ਰਵਿਰਤ ਹੋਣਾ ਸੀ। ਰੱਬੀ ਲੋਕਾਂ ਨੂੰ ਇਹ ਸੋਭਾ ਨਹੀਂ ਦਿੰਦਾ।

ਸ੍ਰੀ ਗੁਰੂ ਜੀ ਦੀ ਸ਼ਹਾਦਤ ਲਈ ਦਿੱਲੀ ਪਤਿ ਔਰੰਗਜ਼ੇਬ ਜ਼ਿੰਮੇਵਾਰ ਸੀ। ਇਸ ਲਈ ਦਸ਼ਮੇਸ਼ ਜੀ ਉਪਰੋਕਤ ਹਵਾਲੇ ਵਿਚ ਸਪਸ਼ਟ ਤੌਰ ਤੇ ਅੰਕਿਤ ਕਰਦੇ ਹਨ ਕਿ ਗੁਰਦੇਵ ਪਿਤਾ ਨੇ ਸਰੀਰ ਦਾ ਠੀਕਰਾ ਦਿੱਲੀ ਦੇ ਪਾਤਸ਼ਾਹ (ਦਿਲੀਸ) ਦੇ ਸਿਰ ਭੰਨਿਆ ਅਤੇ ਪ੍ਰਭੂ ਲੋਕ ਵੱਲ ਚਾਲੇ ਪਾ ਗਏ।

......................................................

**ਸਤਿਜੁਗ ਆਪ ਪੜ੍ਹੋ**

**ਅਤੇ**

**ਹੋਰਾਂ ਨੂੰ ਪੜ੍ਹਾਓ**

# ਬੀਤੇ ਦੀਆਂ ਪੈੜਾਂ



**(ਅਣਛਪਿਆ-ਭਾਗ)**

**(ਪਿਛਲੇ ਅੰਕ ਤੋਂ ਅੱਗੇ)**

**ਪ੍ਰੀਤਮ ਸਿੰਘ ਕਵੀ**

14-5-1987 ਨੂੰ ਬੀਬੀ ਬਾਲ ਕੌਰ ਨਮਿਤ ਭੋਗ ਸੀ। ਸੰਤ ਵਰਿਆਮ ਸਿੰਘ ਪਿਆਸਾ ਦੀ ਮਾਤਾ ਪਿਛਲੇ ਮਹੀਨੇ ਦੇ ਦੋ ਦਿਨ ਰਹਿੰਦੇ ਪੂਰਿਆਂ ਹੋ ਗਏ ਸਨ। ਉਹ ਆਪਣੇ ਪੁੱਤਰ ਦੇ ਵਿਆਹੇ ਜਾਣ ਤੇ ਧੀ ਦਾ ਵਸੇਬਾ ਹੋਣ ਦਾ ਸੁੱਖ ਨਹੀਂ ਵੇਖ ਸਕੇ। ਵਰਿਆਮ ਸਿੰਘ ਪਿਆਸਾ, ਨਾਮਧਾਰੀ ਸਾਹਿਤ ਸਭਾ ਦਾ ਇੱਕ ਨਿਰਮਾਣ ਕਵੀ ਅਤੇ ਰਾਜ ਗਿਰੀ ਦਾ ਕੰਮ ਕਰਦਾ ਹੈ।

ਸੰਤ ਹਰਭਜਨ ਸਿੰਘ ਮੈਨੂੰ ਘਰ ਛੱਡਣ ਆਇਆ ਤਾਂ ਅਸੀਂ ਸਤਿਗੁਰਾਂ ਦਾ ਪਤਾ ਹੰਸਪਾਲ ਜੀ ਦੇ ਘਰ ਕਰਨ ਆਏ ਪਰ ਸਤਿਗੁਰੂ ਜੀ ਦੀ ਗੱਡੀਆਂ ਏਥੇ ਨਹੀਂ ਸਨ।

**19 ਮਈ 1987 ਮੰਗਲਵਾਰ**
**ਨਵੀਂ ਦਿੱਲੀ**

ਸ੍ਰੀ ਸਤਿਗੁਰੂ ਜੀ ਦੇ ਦਰਸ਼ਨ 5 ਵਜੇ ਸਵੇਰੇ ਆਸਾ ਦੀ ਵਾਰ ਸਮੇਂ, ਨਾਮਧਾਰੀ ਧਰਮਸ਼ਾਲਾ ਰਮੇਸ਼ ਨਗਰ ਵਿਖੇ ਕੀਤੇ। ਆਪ ਜੀ ਤਿਆਰ ਬਰ ਤਿਆਰ ਅਤੇ ਪ੍ਰਸੰਨ ਚਿੱਤ ਸਨ। ਉਸਤਾਦ ਹਰਭਜਨ ਸਿੰਘ, ਬਲਜੀਤ ਸਿੰਘ, ਮੋਹਣ ਸਿੰਘ, ਸੁਖਦੇਵ ਸਿੰਘ, ਸੁਖਦੇਵ ਸਿੰਘ ਸੁਖੀ ਅਤੇ ਹਰਦਿਆਲ ਸਿੰਘ ਕੀਰਤਨ ਕਾਰ ਸਨ।

ਪੂਰਬੇ ਦੀ ਅਰਦਾਸ ਨਾਲ ਵਾਰ ਦਾ ਭੋਗ ਪੈਣ ਤੇ ਸੂਚਨਾ ਸ. ਬਲਦੇਵ ਸਿੰਘ ਨੇ ਇੱਕ ਨੇ ਐਲਾਨ ਕੀਤਾ:

25 ਜੂਨ ਤੋਂ 28 ਤੱਕ ਬੀਬੀਆਂ ਦਾ ਅਤੇ 28 ਜੂਨ ਤੋਂ 2 ਜੁਲਾਈ ਤੱਕ ਵਿੱਦਿਅਕ ਸੰਮੇਲਨ ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ ਵਿਖੇ ਹੋਵੇਗਾ। ਦੋ ਜੁਲਾਈ ਨੂੰ ਆਨੰਦ ਕਾਰਜ ਹੋਣਗੇ। ਕੱਲ ਦੀ ਵਾਰ ਸਾਹਿਬ ਪੁਰੇ ਅਤੇ ਪਰਸੋਂ ਦੀ ਸੰਤ ਗੁਰਬਖਸ਼ ਸਿੰਘ, ਨਰਿੰਦਰ ਸਿੰਘ ਖੁਰਾਣਾ ਦੇ ਨਵੇਂ ਘਰ 1625 ਕਿੰਗਜ਼ ਵੇ ਕੈਂਪ ਵਿਖੇ ਲੱਗੇਗੀ, ਸਤਿਗੁਰੂ ਜੀ ਦਰਸ਼ਨ ਦੇਣ ਦੀ ਕਿਰਪਾ ਕਰਨਗੇ। ਏਥੇ ਦੀਵਾਨ ਵਿੱਚ ਸੰਤੋਖ ਸਿੰਘ ਸਾਜਨ ਵੀ ਮਿਲ ਪਿਆ। ਇਹ ਕਿਸੇ ਨਿੱਜੀ ਅਤੇ ਗੁਪਤ ਮਿਸ਼ਨ ਤੇ ਆਇਆ ਲਗਦਾ ਹੈ।

ਦੁਬਾਰਾ ਦਰਸ਼ਨਾਂ ਲਈ ਮੈਂ ਕੋਠੀ ਪੂਸਾ ਰੋਡ 10:10 ਤੇ ਪੁੱਜੇ। ਸ੍ਰੀ ਸਤਿਗੁਰੂ ਜੀ ਹੇਠਲੇ ਹਾਲ ਵਿੱਚ ਚਲਦੀ ਸੰਗੀਤ ਸਭਾ ਨੂੰ ਛੱਡਕੇ ਦੇਸ਼ ਜਾਂ ਵਿਦੇਸ਼ 'ਚੋਂ ਆਏ ਕਿਸੇ ਟੈਲੀਫੋਨ ਨੂੰ ਸੁਣਨ ਲਈ ਆਪਣੇ ਕਮਰੇ ਵਿਚ ਚਲੇ ਗਏ ਸਨ।

ਏਨੇ ਵਿੱਚ, ਪੌੜੀਆਂ ਵਿੱਚ ਖਲੋਤੇ ਮਹਿੰਦਰ ਸਿੰਘ ਪੂਰਬੇ ਨਾਲ ਗੱਲਬਾਤ ਕਰਦਿਆਂ ਸੰਤ ਕਿਸ਼ਨ ਸਿੰਘ ਬੀੜ ਵਾਲੇ ਨੂੰ ਸੁਣਿਆ। ਉਸਨੇ ਦੱਸਿਆ ਕਿ ਬੀਤੀ 14-5-87 ਨੂੰ ਉਹਦੇ ਪੁੱਤਰਾਂ ਅਤੇ ਪਤਨੀ ਨੂੰ ਬੀੜ ਵਿਚ ਗੁਰਦੇਵ ਸਿੰਘ ਮਦਾਰੀਏ ਤੇ ਗੁਰਦੇਵ ਸਿੰਘ ਕੂਕੇ ਨੇ ਬੁਰੀ ਤਰ੍ਹਾਂ ਕੁਟਵਾਇਆ।

ਇਹ ਦਿੱਲੀਓਂ ਗਿਆ ਸੀ, ਇਸਨੇ ਆਪਣੇ ਪਰਿਵਾਰ ਮੈਂਬਰ ਹਸਪਤਾਲ ਦਾਖਲ ਤਾਂ ਕਰਵਾ ਦਿੱਤੇ ਪਰ ਹੋਰ ਕਿਸੇ ਤੇ ਅਰਜੀ ਪਰਚਾ ਨਹੀਂ ਦਿੱਤਾ ਕਿਉਂਕਿ ਫਿਰ ਸਤਿਗੁਰੂ ਜੀ ਨੂੰ ਮੈਂ ਵੀ ਉਨ੍ਹਾਂ ਦੇ ਬਰਾਬਰ ਕਸੂਰਵਾਰ ਜਾਪਾਗਾਂ ਕਿਸ਼ਨ ਸਿੰਘ ਨੇ ਕਿਹਾ।

ਕਿਸ਼ਨ ਸਿੰਘ ਪੂਰਬੇ ਲਈ ਬਹੁਤ ਪ੍ਰਸੰਨ ਸੀ, ਵਰ ਦੇ ਰਿਹਾ ਸੀ ਕਿ ਪੂਰਬਾ ਫੇਰ ਸੰਸਾਰ ਵਿਚ ਆਵੇ ਤਾਂ ਸਤਿਗੁਰਾਂ ਦਾ ਚੌਰ ਬਰਦਾਰ, ਅਰਦਾਸੀਆਂ ਬਣ ਕੇ ਆਵੇ। ਸੰਤ ਕਿਸ਼ਨ ਸਿੰਘ ਨੇ ਕਿਹਾ ਪੂਰਬਾ, ਜਦੋਂ ਲੋੜ ਪੈਂਦੀ ਹੈ ਪੈਸੇ ਦੇ ਦਿੰਦਾ ਹੈ, ਫਾਲਤੂ ਅਤੇ ਨਿਕੰਮੇ ਕਾਰਜਾਂ ਲਈ ਪੈਸੇ ਕਦੇ ਮੰਗੇ ਨਹੀਂ, ਲੋੜ ਜੋਗਿਆਂ ਤੋਂ ਇਹ ਕਦੇ ਭੱਜਿਆ ਨਹੀਂ। ਮੇਰੇ ਵੱਲ ਵੀ ਪੂਰਬੇ ਦੀ ਪਹੁੰਚ ਈਮਾਨਦਾਰਾਨਾ ਤੇ ਉਦਾਰ ਹੈ।

10:20 ਮਿੰਟ ਹੋਏ ਤਾਂ ਸਤਿਗੁਰੂ ਜੀ ਫੇਰ ਸੰਗੀਤ ਸਭਾ ਵਿਚ ਆ ਬੈਠੇ। ਸੰਗੀਤ ਕਾਰ ਜਵਾਨ ਨਾਲ ਆ ਰਹੇ ਸਨ ਜਦੋਂ ਕਿ ਪਿੰਕੀ ਤਬਲਾ ਅਤੇ ਬਲਜੀਤ ਸਿੰਘ ਵਾਜਾ ਵੀ ਵਜਾ ਰਿਹਾ ਸੀ।

ਰਾਗ ਭੋਪਾਲੀ ਤਾਲ 11 ਮਾਤ੍ਰਾ ਵਿਚ ਸ੍ਰੀ ਸਤਿਗੁਰੂ ਜੀ ਨੇ ਨਵੀਂ ਰਚਨਾ ਸੁਰਬੱਧ ਕੀਤੀ ਹੈ। ਉਹੋ ਪਕਾਈ ਜਾ ਰਹੀ ਸੀ। ਅਸਥਾਈ ਸੀ ਹਾਰ ਹਾਰ ਕੇ ਸਭੈ ਨਹੀ ਪਾਈਐ ਤਿਹ ਪਾਰ।

ਸਾਰਾ ਬੰਦ ਇਸ ਪ੍ਰਕਾਰ ਹੈ-

ਆਦਿ ਅੰਤ ਨ ਮਧ ਜਾਕੋ ਭੂਤ ਭਬ ਭਵਾਨ
ਸਤ ਦੁਆਪਰ ਤ੍ਰਿਤੀਆ ਕਲਿਜੁਗ ਚਤ੍ਰ ਕਾਲ ਪ੍ਰਧਾਨ
ਧਿਆਇ-ਧਿਆਇ ਥਕੇ ਮਹਾਮੁਨ ਗਾਇ ਗੰਧ੍ਰਬ ਅਪਾਰ
ਹਾਰ-ਹਾਰ ਥਕੇ ਸਭੈ ਨਹੀ ਪਾਈਐ ਤਿਹ ਪਾਰ।

ਅੱਜ ਏਥੇ ਸ੍ਰੀ ਜੋਗਾ ਸਿੰਘ ਅੰਬਰਸਰੀਆ ਅਤੇ ਸ੍ਰੀ ਗੁਰਬਿੰਦਰ ਸਿੰਘ ਚੰਡੀਗੜ੍ਹ ਵੀ ਆਏ ਬੈਠੇ ਸਨ। ਸਤਿਗੁਰੂ ਜੀ ਦੇ ਬੱਚਿਆਂ ਨਾਲ ਗਾਉਂਦਿਆਂ ਹੀ ਥਾਈਲੈਂਡ ਦੇ ਸੇਠ ਤਰਨ ਸਿੰਘ ਚਾਵਲਾ ਆਏ ਨਿਕਟ ਸੰਬੰਧੀ ਪ੍ਰੋ. ਇੰਦਰ ਸਿੰਘ ਡਾ. ਗੰਨ ਨਾਲ ਫਲਾਂ ਦੀ ਟੋਕਰੀ ਲੈ ਕੇ ਆ ਗਏ। ਨਮਸਕਾਰ 100/- ਦਾ ਨੋਟ ਧਰ ਕੀਤੀ ਤਾਂ ਸਤਿਗੁਰੂ ਜੀ ਬਚਨ ਕੀਤਾ: ਐਉਂ ਲਗਦੈ ਜਿਵੇਂ ਇੰਦਰ ਸਿੰਘ ਨੂੰ ਤੂੰ ਹੀ ਲਿਆਇਆ ਹੋਵੇ। "ਨਹੀਂ, ਸੱਚੇ ਪਾਤਸ਼ਾਹ, ਇਹ ਵੀ ਦਰਸ਼ਨ ਕਰਨੇ ਚਾਹੁੰਦਾ ਸੀ।" ਸਤਿਗੁਰੂ ਜੀ ਇਹ ਕੁਝ ਜਾਣਨਾ ਹੀ ਚਾਹੁੰਦੇ ਸਨ ਤੇ ਫਿਰ "ਹਾਰ ਹਾਰ ਪਰੇ ਸਭੈ" ਜਾਰੀ ਹੋ ਗਿਆ।

ਸਾਹਮਣੇ ਵਿਛੇ ਕਪੜੇ ਉੱਤੇ ਬੈਠੇ ਤਿੰਨ ਜਵਾਨ ਬੱਚਿਆਂ ਵੱਲ ਤੱਕ ਕੇ ਸਤਿਗੁਰੂ ਜੀ ਨੇ ਮੈਨੂੰ ਦੱਸਿਆ: ਇਹ ਤਿੰਨੇ ਰੈਅ ਹਨ। ਮੈਨੂੰ ਸ਼ੰਕਾ ਵੇਖ ਬਚਨ ਕੀਤਾ: ਦੋ ਰਾਮਦਾਸੀਏ ਇਕ ਰਾਮਗੜੀਆ ਹੈ। ਸਤਿਗੁਰੂ ਜੀ ਦੇ ਹਰ ਪਲ ਵਿਕੋਲਿਤਰੇ ਢਮਗ, ਨਾਲ ਸ਼ਬਦ ਬਣਾ ਲੈਂਦੇ ਹਨ। ਕੋਈ ਬੇਹੀ ਬੁਸੀ ਗੱਲ ਨਹੀਂ, ਕੋਈ ਘਸਿੱਇਆ ਹੋਇਆ ਵਾਕ ਨਹੀਂ। ਇਕ ਦਮ ਨਵਾਂ ਨਕੋਰ ਸ਼ਬਦ।

ਜਦ ਤੱਕ ਹਾਰ ਹਾਰ ਪਰੇ ਬੰਦਸ਼ ਚਲਦੀ ਹੈ ਮੈਂ ਏਥੇ ਬੈਠਿਆ ਦੇ ਨਾਮ ਗਿਣ ਲਵਾਂ: ਸੰਤ ਕੁਲਦੀਪ ਸਿੰਘ ਜੰਮੂ ਤੋਂ (ਉਹ 3-4 ਦਿਨ ਤੋਂ ਦਿੱਲੀ ਵਿਚ ਹਨ) ਸ. ਅਵਤਾਰ ਸਿੰਘ ਅੰਮ੍ਰਿਤਸਰੀਆ ਤੇ ਪਰਿਵਾਰ, ਸ੍ਰੀ ਜਸਵਿੰਦਰ ਸਿੰਘ ਸ਼ਕੂਰਬਸਤੀ, ਸੰਤ ਮਹਿੰਦਰ ਸਿੰਘ ਪੂਰਬਾ, ਕੁਲਵਿੰਦਰ ਸਿੰਘ, ਤਰਸੇਮ ਸਿੰਘ, ਛਮਿੰਦਰ ਸਿੰਘ (ਇਹ ਤਿੰਨੇ ਰਾਮ) ਜਲੰਧਰੋਂ ਹਨ। ਪਹਿਲੇ ਦੋਵੇਂ ਉਸਤਾਦ ਮਾਲਾ ਰੱਖ ਪਾਸ ਤਬਲਾ ਸਿਖਣ ਵੱਲੇ ਹੋਏ ਹਨ। ਟਿਕਟਾਂ ਗਵਾ ਬੈਠੇ ਹਨ ਬੰਬਈ ਦੀਆਂ, ਹੁਣ ਹੋਰ ਟਿਕਟਾਂ ਲਈ ਅਰਜ਼ਾਂ ਕੀਤੀ ਬੈਠੇ ਹਨ। ਜੋੜੀ ਦੇਰ ਬਾਅਦ ਹਰੀ ਸਿੰਘ ਬੁਧੀ ਰਾਜਾ ਬੈਂਕੋਕ ਵਾਲਾ ਦੀ ਦਰਸ਼ਨ ਕਰਨ ਆਣ ਬੈਠਾ। ਇਸਦੀ ਆਸਾਮੀ ਵੀ ਇਸਨੂੰ ਮਿਲ ਗਈ ਜਾਪਦੀ ਹੈ। ਠਾਕੁਰ ਉਦੈ ਸਿੰਘ ਜੀ ਨੇ ਵੀ ਕੁਛ ਸਮਾਂ ਸੰਗੀਤ ਰਸ ਪ੍ਰਾਪਤ ਕੀਤਾ। ਸੰਤ ਅਰਜਨ ਸਿੰਘ ਮਸਤਾਨਗੜ੍ਹੀਏ ਦਾ ਲੜਕਾ ਬਲਕਾਰ ਸਿੰਘ, ਦੋ ਚਾਰ ਬੀਬੀਆਂ ਹੋਰ।

ਫੇਰ ਸ੍ਰੀ ਸਤਿਗੁਰੂ ਜੀ ਨੇ ਮੈਨੂੰ ਉਹ ਬੰਦਿਸ਼ ਸੁਣਵਾਣ ਲਈ ਕਲਾਕਾਰਾਂ ਨੂੰ ਕਿਹਾ ਜੋ ਸਤਿਗੁਰੂ ਜੀ ਨੇ ਐਤਕਾਂ ਜੀਵਨ ਨਗਰ ਗਿਆ, ਦੀਵਾਨ ਵਿਚ ਹੀ ਰੱਚ ਦਿੱਤੀ। ਇਹ ਰਾਗ ਭੈਰਵੀ ਮਾਤ੍ਰਾ ਵਿਚ ਹੈ-

ਦੇਹੁ ਦਰਸ ਮਨਿ ਚਾਉ ਭਗਤਿ ਇਹ ਮਨ ਠਹਿਰਾਵਉ।

ਬਹੁਤ ਵਧੀਆ ਬੰਦਿਸ਼ ਲੱਗੀ। ਜੇ ਇਹਨਾਂ ਨੂੰ ਸੁਰ ਬੱਧ ਕਰਕੇ ਲਿਖਿਆ ਨਾ ਗਿਆ ਤਾਂ ਕਿਸੇ ਦਿਨ ਇਹਨਾਂ ਦੀ ਹੋਂਦ ਮੁੱਕ ਸਕਦੀ ਹੈ।

10:48 ਹੋਏ ਤਾਂ ਇੱਕ ਬੀਬੀ ਨਾਲ ਇੱਕ ਮੁਟਿਆਰ ਨੂੰ ਲੈ, ਗੁਰੂ ਚਰਨਾਂ ਵਿੱਚ ਆ ਨਮਸਕਾਰ ਕੀਤੀ। ਸਤਿਗੁਰੂ ਜੀ ਨੇ ਪੁੱਛਿਆ: ਕਦੋਂ ਆਏ? ਉੱਤਰ ਨਹੀਂ ਸੁਣਿਆ (ਮੈਨੂੰ) ਫੇਰ ਪੁੱਛਿਆ: ਕਦ ਤੱਕ ਰਹਿਣਾ ਹੈ? ਜਵਾਬ ਫੇਰ ਨਹੀਂ ਪਤਾ

ਲੱਗਾ। ਸ੍ਰੀ ਸਤਿਗੁਰੂ ਜੀ ਨੇ ਪਾਵਨ ਨੇਤਰ ਮੇਰੇ ਵੱਲ ਕੀਤੇ ਤੇ ਦੱਸਿਆ: ਸਵਿੱਤਰੀ ਹੈ ਬੀਬੀ ਦਾ ਨਾਂ, ਵਲਾਇਤ ਵਿਚੋਂ ਆਈ ਹੈ। ਇਹ ਬਲਜੀਤ ਸਿੰਘ ਦੀ ਮਾਂ ਹੈ ਜੋ ਛੋਟੇ ਕਾਕੇ ਦਾ ਸਾਂਢੂ ਹੈ।

ਮੁਟਿਆਰ ਜੋ ਨਾਲ ਆਈ ਸੀ, ਉਸਨੂੰ ਤੱਕ ਪੁੱਛਿਆ: "ਇਹ ਮੂੰਹ ਤੇ ਚਟਾਕ ਕਾਹਦਾ ਹੈ?" "ਜੇ ਇਹ ਫੁਲਬਹਿਰੀ ਹੈ।" ਏਨਾ ਸੁਣਕੇ ਪਾਸ ਬੈਠੇ ਪੂਰਬੇ ਨੂੰ ਆਗਿਆ ਕੀਤੀ ਕਿ ਕਾਕੇ ਨੂੰ ਫੁਲਬਹਿਰੀ ਵਾਲੀ ਦਵਾਈ ਪੁੱਛਕੇ ਬੀਬੀ ਨੂੰ ਦੱਸ ਦੇਣੀ ਨਹੀਂ ਤਾਂ ਫੈਲ ਜਾਇਗੀ, ਹੁਣ ਤਾਂ ਖ਼ਤਮ ਵੀ ਹੋ ਸਕਦੀ ਹੈ। ਅਤੇ ਫੇਰ ਸ਼ਬਦ ਸ਼ੁਰੂ ਹੋ ਗਿਆ:

ਮਾਈ ਚਰਨ ਗੁਰ ਮੀਠੇ।ਵਡੈ ਭਾਗਿ ਦੇਵੈ ਪਰਮੇਸਰੁ ਕੋਟਿ ਫਲਾ ਦਰਸਨ ਗੁਰ ਡੀਠੇ॥

ਇਹ ਵੀ ਭੈਰਵੀ ਦਾ ਤਿੰਨ ਤਾਲ ਵਿੱਚ ਸ਼ਬਦ ਉਸਤਾਦ ਹਰਨਾਮ ਸਿੰਘ ਚਵਿੰਡੇ (ਅੰਮ੍ਰਿਤਸਰ) ਵਾਲਿਆਂ ਸਾਨੂੰ ਸਿਖਾਇਆ ਸੀ।

11 ਵੱਜ ਗਏ ਤਾਂ ਸੰਗੀਤ ਸਭਾ ਸਮਾਪਤ ਹੋ ਗਈ। ਮੈਨੂੰ ਕਿਹਾ ਗਿਆ ਮੈਂ ਤਰਨ ਸਿੰਘ ਅਤੇ ਪ੍ਰੋ. ਇੰਦਰ ਸਿੰਘ ਹੁਰਾਂ ਨੂੰ ਪ੍ਰਸ਼ਾਦੇ ਲਈ ਲੈ ਜਾਵਾਂ ਅਰਥਾਤ ਲੰਗਰ ਕਮਰੇ ਵਿੱਚ।

ਅਸੀਂ ਇਸ ਅੰਦਰ ਆਏ ਤਾਂ ਲੰਗਰ ਸੇਵਕਾਂ ਦੀਨ ਦੁਨੀਆਂ ਤੋਂ ਥੱਕ ਕੇ ਸੁੱਤੀ ਪਈ ਸੀ। ਜਗਾਇਆ: ਸੱਚੇ ਪਾਤਸ਼ਾਹ ਇਸ਼ਨਾਨ ਕਰਨ ਚਲੇ ਗਏ ਹਨ, ਲੰਗਰ ਦੀ ਤਿਆਰੀ ਕਰੋ।

ਅਤੇ ਮੈਂ ਆਪਣੇ ਚਿਰ ਮਿੱਤਰਾਂ ਨਾਲ ਗੱਲਾਂ ਕਰਨ ਲੱਗ ਪਿਆ। ਮਾਲੂਮ ਹੋਇਆ ਕਿ ਭਾਰਤੀ ਜਨਤਾ ਪਾਰਟੀ ਦੀ ਲੀਡਰਸ਼ਿਪ ਵਿਚ ਬਿਹਾਰ ਵਿਖੇ ਅਹਿਮ ਰੋਲ ਰੱਖਣ ਵਾਲੇ ਪ੍ਰੋ. ਇੰਦਰ ਸਿੰਘ ਡਾਲਟਨ ਗੰਜ ਵਾਲੇ ਦੀ ਪੁੱਤਰੀ ਦਾ ਸ੍ਰੀ ਭੈਣੀ ਸਾਹਿਬ ਵਿਚ 14-5-87 ਨੂੰ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਆਨੰਦ ਕਾਰਜ ਸੀ। ਬੀਬੀ ਮੰਡੀ ਦੇ ਸੰਤ ਸੁਵਰਨ ਸਿੰਘ ਹਜ਼ਰੋਂ ਵਾਲਿਆਂ ਦੇ ਲੜਕੇ ਨਾਲ ਵਿਆਹੀ ਗਈ ਹੈ। ਇੰਦਰ ਸਿੰਘ 9 ਸਾਲਾਂ ਪਿੱਛੋਂ ਹੀ ਭੈਣੀ ਸਾਹਿਬ ਪਹੁੰਚਿਆ ਸੀ ਪਰ ਇਸ ਦੇ ਹੋਰ ਛੇਵੇਂ ਭਰਾ ਵੀ ਇਸ ਅਵਸਰ ਤੇ ਗੁਰੂ ਕੇ ਦਰਸ਼ਨਾਂ ਨੂੰ ਗਏ। ਕੋਈ ਦਿੱਲੀਓਂ, ਕੋਈ ਡਾਲਟਨ ਗੰਜੋਂ ਤੇ ਕੋਈ ਚੰਡੀਗੜ੍ਹੋਂ ਹੀ।

ਏਸ ਅੰਦਰ ਥੋੜੇ ਚਿਰ ਪਿੱਛੋਂ ਹੀ ਰੌਣਕਾਂ ਲੱਗ ਗਈਆਂ। ਸ੍ਰੀ ਸਤਿਗੁਰੂ ਜੀ ਇਸ਼ਨਾਨ ਕਰਕੇ ਆ ਕੇ ਵਿੱਛੀ ਹੋਈ ਚੌਂਕੀ ਤੇ ਵਿਰਾਜ ਮਾਨ ਹੋ ਗਏ। ਬੀਬੀ ਨਰਿੰਦਰ ਪ੍ਰਸ਼ਾਦ ਪਾਕੇ ਦੇਣ ਲੱਗੀ। ਪ੍ਰਸ਼ਾਦੇ ਦਾਲਾ, ਟੀਂਡਿਆ ਦੀ ਸਬਜ਼ੀ ਅਤੇ ਇੱਕ ਹੋਰ। ਬੈਂਗਲੌਰ ਤੋਂ ਆਏ ਫਾਰਮਾਂ ਦੇ ਅਲਫੈਂਸਾ ਵੀ ਜਿਹੜੇ ਅੱਜ ਕੱਲ 50/- ਦੇ ਦਰਜਨ ਵਿਕਦੇ ਹਨ। ਇੱਕ ਲਿਫ਼ਾਫ਼ਾ ਆੜੂਆਂ ਦਾ ਵੀ ਆ ਗਿਆ, ਦੋ ਕੁ ਖਰਬੂਜ਼ੇ ਵੀ ਪਹੁੰਚ ਗਏ।

ਅੰਦਰ ਇਸ ਮੌਕੇ ਤੇ ਸਾਥੋਂ ਇਲਾਵਾ ਸੇਠ ਵਿਜਿੰਦਰ ਸਿੰਘ ਉਨ੍ਹਾਂ ਦੀ ਪਤਨੀ ਬੀਬੀ ਮਹਿੰਦਰ ਕੌਰ, ਸ. ਸੇਵਾ ਸਿੰਘ ਨਾਮਧਾਰੀ ਏਜੈਂਸੀ ਉਸਦਾ ਸਹਿਜਧਾਰੀ ਬੇਟਾ ਭੁਪਿੰਦਰ ਸਿੰਘ।

ਸਤਿਗੁਰੂ ਜੀ ਨੇ ਅਲਫੈਂਸਾ ਕੱਟਿਆ ਤਾਂ ਇਸ ਵਿੱਚ ਇੱਕ ਪਾਸੇ ਨਿਕੰਮਾ ਜਿਹਾ ਜਾਲ ਸੀ। ਕਹਿਣ ਲੱਗੇ:

ਬਹੁਤ ਜ਼ੋਰ ਲੱਗ ਰਿਹਾ ਏ, ਪਰ ਇਹ ਕਸੂਤਾਪਣ ਇਸ ਚੋਂ ਖ਼ਤਮ ਨਹੀਂ ਹੋਇਆ। ਕਾਕੇ ਦੇ ਫਾਰਮ ਵਿੱਚ ਅਲਫੈਂਸਾ ਨੂੰ ਇਹ ਕਸਰ ਘੱਟ ਹੈ। ਪਰ ਉੱਕਾ ਜਾਣ ਵਾਲੀ ਗੱਲ ਨਹੀਂ ਅਤੇ ਦੱਸਿਆ ਕਿ ਬੈਂਗਲੌਰ ਫਾਰਮ ਵਿੱਚ ਉੱਤਰੀ ਭਾਰਤ ਦੀਆਂ ਵੈਰਾਇਟੀਆਂ ਚੋਸਾ, ਸਫੈਦਾ, ਲੰਗੜਾ, ਦੁਸ਼ਹਿਰੀ ਚੰਗੀ ਤਰ੍ਹਾਂ ਵੱਧ ਫੁੱਲ ਰਹੀਆਂ ਹਨ। ਠਾਕੁਰ ਜੀ ਵੀ ਏਸੇ ਅੰਦਰ ਪ੍ਰਸ਼ਾਦ ਛੱਕ ਰਹੇ ਸਨ।

ਨਿੱਕੇ ਠਾਕੁਰ ਜੀ ਦੇ ਘਰ ਪਹਿਲੀ ਲੜਕੀ ਹੋਣ ਦੇ ਸੰਬੰਧ ਵਿਚ ਗੱਲ ਚੱਲੀ ਤਾਂ ਸਤਿਗੁਰੂ ਜੀ ਬਚਨ ਕੀਤਾ: ਐਤਕਾਂ ਸੰਤ ਨਗਰ ਵਿੱਚ ਆਸਾ ਦੀ ਵਾਰ ਲਗਣ ਉਪਰੰਤ 8-10 ਸਰੀਰ ਹੱਥ ਜੋੜੀਆਂ ਖਲੋਤੇ। ਕਹਿਣ ਲੱਗੇ: ਦੀਨ ਦਿਆਲ ਕਿਰਪਾ ਕਰੋ, ਗੁਰੂ ਘਰ ਵਿੱਚ ਬਥੇਰੀਆਂ ਲੜਕੀਆਂ ਹੋ ਗਈਆਂ ਹਨ, ਹੁਣ ਰਹਿਮ ਕਰੋ। ਇਸ ਤੋਂ ਪਹਿਲਾਂ ਕਿ ਮੈਂ ਕੁਛ ਕਹਿੰਦਾ ਛੋਟਾ ਕਾਕਾ ਖਲੋ ਗਿਆ। ਇਸਨੇ ਕਿਹਾ:

**ਸਾਧ ਸੰਗਤ ਜੀ ਜੇ ਲੜਕੀਆਂ ਹੋਣੋਂ ਬੰਦ ਹੋ ਗਈਆਂ ਤਾਂ ਤੁਸੀਂ ਬੰਦੇ ਵੀ ਕਿਤੇ ਨਹੀਂ ਲੱਭੋਗੇ।**

**ਚਲਦਾ...**

# ਅੱਖੀਂ ਡਿੱਠਾ ਕਿੱਸਾ ਕੀਤਾ



**(ਜਥੇਦਾਰ ਗੁਰਮੁਖ ਸਿੰਘ ਝੱਬਰ ਦੀਆਂ ਯਾਦਾਂ ਦੇ ਝਰੋਖੇ ਚੋਂ)**

**ਸੰਪਾਦਕ: ਸੁਵਰਨ ਸਿੰਘ ਵਿਰਕ**
**9996371716**

ਮੈਂ ਹੁਣੇ ਹੁਣੇ ਹੀ ਉਹਨਾਂ ਦੇ ਘਰ ਕਰੀਵਾਲੇ ਤੋਂ ਆਇਆ ਹਾਂ। ਉਹਨਾਂ ਦੇ ਨਾਲ ਮੇਰਾ ਪਿਆਰ ਇਸ ਕਾਰਨ ਸੀ, ਜਿਹੜੀ ਕਿ ਗੁਰੂਘਰ ਦੇ ਕੰਮ ਦੀ ਸਾਂਝ, ਤੇ ਉਹਨਾਂ ਦੇ ਨਾਲ ਰਲ ਕੇ ਉਹਨਾਂ ਦੇ ਨਾਲ ਹੋ ਕੇ, ਉਹਨਾਂ ਦੀ ਸੁਪਰਵੀਜ਼ਨ ਥੱਲੇ ਕੰਮ ਕੀਤਾ।

ਮੇਰੀ ਉਨ੍ਹਾਂ ਦੀ ਕੋਈ ਪਹਿਲੇ, ਵਾਕਫ਼ੀ ਨਹੀਂ ਸੀ। ਕਿਉਂਕਿ ਮੈਂ ਜ਼ਿਲ੍ਹਾ ਮਿੰਟਗੁਮਰੀ ਦੇ ਰਹਿਣ ਵਾਲਾ ਤੇ ਉਹ ਝੱਬਰ ਪਿੰਡ ਜ਼ਿਲ੍ਹਾ ਸ਼ੇਖੂਪੁਰਾ ਦੇ ਰਹਿਣ ਵਾਲੇ ਸਨ। ਮੇਰਾ ਪਿੰਡ ਹਵੇਲੀ ਲੱਖਾ ਜ਼ਿਲ੍ਹਾ ਮਿੰਟਗੁਮਰੀ ਦੇ ਇੱਕ ਨਾਮਧਾਰੀ ਖ਼ਾਨਦਾਨ ਵਿੱਚੋਂ ਸਾਂ। ਮੇਰੇ ਪਿਤਾ ਜੀ ਛੋਟੀ ਅਵਸਥਾ ਵਿਚ ਨਾਮਧਾਰੀ ਨਹੀਂ ਸਨ।

ਪਿਛੋਕੜ:

ਮੇਰੇ ਨਾਨਾ ਬਾਬਾ ਗੁਰਮੁਖ ਸਿੰਘ ਜੀ ਨਾਮਧਾਰੀ ਸਨ, ਜਿਨ੍ਹਾਂ ਉਤੇ ਸਤਿਗੁਰੂ ਹਰੀ ਸਿੰਘ ਜੀ ਦੀ ਕਿਰਪਾ ਹੋਈ, ਉਹ ਨਾਮਧਾਰੀ ਸਜੇ। ਉਹਨਾਂ ਦਾ ਹੀ ਇਹ ਅੱਗੇ ਸਾਰਾ ਪਰਵਾਰ ਬਣਿਆ। ਉਹਨਾਂ ਦੀ ਕਿਰਪਾ ਨਾਲ ਹੀ ਸਾਡੇ ਪਿਤਾ ਜੀ ਨਾਮਧਾਰੀ ਬਣੇ ਅਤੇ ਅਸੀਂ ਉਹਨਾਂ ਦੀ ਔਲਾਦ ਨਾਮਧਾਰੀ ਬਣੇ ਰਹੇ।

ਮੇਰੇ ਪਿਤਾ ਜੀ ਦਾ ਨਾਮ ਸੰਤ ਲਛਮਣ ਸਿੰਘ ਸੀ ਅਤੇ ਮਾਤਾ ਪ੍ਰੇਮ ਕੌਰ ਜੀ ਸਨ। ਸਰਸੇ ਵਿਚ ਹੀ ਮੇਰੇ ਪਿਤਾ ਜੀ 66-67 ਦੀ ਆਯੂ ਭੋਗ ਕੇ ਗੁਜ਼ਰੇ ਹਨ ਤੇ ਮਾਤਾ ਸਾਡੇ, ਆਪਣੇ ਛੋਟੇ ਪੁੱਤਰ ਕਿਰਪਾਲ ਸਿੰਘ ਪਾਸ ਦਿੱਲੀ ਹਨ। ਉਹਨਾਂ ਦੀ ਸਿਹਤ ਐਸ ਵੇਲੇ ਬਿਲਕੁਲ ਠੀਕ ਹੈ। ਅਸੀਂ ਚਾਰ ਭਾਈ ਹਾਂ, ਮੇਰੇ ਤੋਂ ਵੱਡੇ ਸ ਪ੍ਰਤਾਪ ਸਿੰਘ ਜੀ, ਛੋਟੇ ਮੇਰੇ ਤੋਂ ਸ. ਓਅੰਕਾਰ ਸਿੰਘ ਤੇ ਚੌਥੇ ਕਿਰਪਾਲ ਸਿੰਘ ਸਭ ਤੋਂ ਛੋਟੇ। ਇਹ ਦੋਵੇਂ ਦਿੱਲੀ ਰਹਿੰਦੇ ਹਨ।

**ਦਸਤਾਰ ਦੀ ਕਰਾਮਾਤ:**

ਮੇਰਾ ਜਨਮ ਚੂੰਕਿ ਨਾਮਧਾਰੀ ਘਰ ਵਿੱਚ ਹੀ ਹੋਇਆ ਤੇ ਮੈਂ ਜੋ ਵੀ ਤਾਲੀਮ ਪਹਿਲੀ ਤੋਂ ਲੈ ਕੇ ਦਸਵੀਂ ਤੱਕ, ਪਾਕਿਸਤਾਨ ਵਿਚ ਪਾਈ, ਸਤਿਗੁਰਾਂ ਦੀ ਕਿਰਪਾ ਨਾਲ ਮੈਂ ਏਸੇ ਹੀ ਲਿਬਾਸ (ਨਾਮਧਾਰੀ ਪਹਿਰਾਵੇ) ਵਿਚ ਰਿਹਾ ਤੇ ਜਦੋਂ ਮੇਰੀ ਸਲੈਕਸ਼ਨ ਫ਼ੀਰੋਜ਼ਪੁਰ ਹੋਈ, ਉਸ ਵੇਲੇ ਵੀ ਮੈਂ ਏਸੇ ਪੁਸ਼ਾਕ-ਦਸਤਾਰ ਵਿਚ ਅਧਿਕਾਰੀਆਂ ਪਾਸ ਗਿਆ ਕਿਉਂਕਿ ਉਸ ਵੇਲੇ ਮੈਂ ਪੌਣੇ ਅਠਾਰਾਂ ਸਾਲਾਂ ਦਾ ਸਾਂ, ਮੈਨੂੰ ਉਨ੍ਹਾਂ ਪਟਵਾਰ ਦੀ ਸਲੈਕਸ਼ਨ ਵਿਚ ਨਾ ਲਿਆ (ਉਮਰ ਚਾਰ ਮਹੀਨੇ ਛੋਟੀ ਸਮਝ ਕੇ) ਮੁਕਤਸਰ ਇਲਾਕੇ ਦੇ ਇਕ ਡਿਪਟੀ ਕਲੈਕਟਰ ਗੁਰਚਰਨ ਸਿੰਘ ਸਨ, ਉਨ੍ਹਾਂ ਨੇ ਮੇਰੇ ਵੱਲ ਵੇਖ ਕੇ ਕਿਹਾ: ਕੇਹੀ ਸੁਹਣੀ ਸਿਹਤ, ਕਿਹੀ ਸੋਹਣੀ ਪੱਗ, ਕਿਹਾ ਸੁਹਣਾ ਚਿਹਰਾ, ਜੇ ਇਹ ਵੀ ਅਸਾਂ ਨਹੀਂ ਲੈਣਾ ਤਾਂ ਫੀਲਡ ਵਰਕ ਕੌਣ ਕਰੇਗਾ। ਸਾਨੂੰ ਤਕੜੇ ਬੰਦਿਆਂ ਦੀ ਲੋੜ ਹੈ, ਮਾੜਿਆਂ ਦੀ ਨਹੀਂ। ਜਿਸ ਉੱਪਰ ਇਹਨਾਂ ਤੋਂ ਉੱਪਰਲੇ ਅਫ਼ਸਰ ਨੇ ਕਿਹਾ ਕਿ ਇਸ ਦੀ ਉਮਰ ਛੋਟੀ ਹੈ, ਅਸੀਂ ਇਸ ਨੂੰ ਨਹੀਂ ਲੈ ਸਕਦੇ। ਸ. ਗੁਰਚਰਨ ਸਿੰਘ ਨੇ ਫਿਰ ਕਿਹਾ ਕਿ ਛੇ ਮਹੀਨੇ ਤਾਂ ਟ੍ਰੇਨਿੰਗ ਵਿੱਚ ਲਗ ਜਾਣੇ ਨੇ, ਉਦੋਂ ਇਸਦੀ ਉਮਰ ਦੋ ਮਹੀਨੇ ਉਪਰ ਹੋ ਜਾਵੇਗੀ। ਮੈਂ ਇਹ ਵੀ ਵਿਸ਼ਵਾਸ ਰੱਖਦਾ ਹਾਂ ਕਿ ਇਸ ਦਸਤਾਰ ਦੀ ਕਿਰਪਾ ਨਾਲ ਹੀ ਮੇਰੀ ਸਲੈਕਸ਼ਨ ਹੋਈ।

**ਇਕ ਵਾਰ ਫਿਰ ਕਰਾਮਾਤ:**

ਪਾਕਿਸਤਾਨ ਵਿਚ ਰਹਿੰਦਿਆਂ, ਆਪਣੀ ਟ੍ਰੇਨਿੰਗ ਪੂਰੀ ਕਰਕੇ ਇਮਤਿਹਾਨ ਦੇ ਕੇ ਆਪਣੇ ਘਰ ਤੋਂ ਥੋੜ੍ਹੀ ਹੀ ਦੂਰ

ਪਾਕਪਟਨ ਵਿਚ ਮੈਂ ਆਪਣੀ ਡਿਊਟੀ ਸੰਭਾਲੀ। ਮੈਂ ਆਪਣੀ ਸਰਕਾਰੀ ਡਿਊਟੀ 1.08.1945 ਨੂੰ ਪਾਕਿਸਤਾਨ ਵਿਚ ਸੰਭਾਲੀ ਸੀ। ਉਸ ਤੋਂ ਬਾਅਦ ਪਾਰਟੀਸ਼ਨ ਹੋਈ ਜਿਸ ਕਾਰਨ ਆਪਾਂ ਸਾਰਿਆਂ ਨੂੰ ਹੀ ਹਿੰਦੁਸਤਾਨ ਵਿਚ ਆਉਣਾ ਪਿਆ। ਸਾਡਾ ਪਰਵਾਰ ਅਗਸਤ 1947 ਵਿਚ ਸਰਸੇ ਆ ਗਏ। ਉਸ ਵੇਲੇ ਲੋਕ ਰੋਟੀ ਤੋਂ ਵੀ ਤੰਗ ਸਨ ਤੇ ਪੈਸਾ ਵੀ ਕਿਸੇ ਦੇ ਹੱਥ ਪੱਲੇ ਨਹੀਂ ਸੀ। ਕੁਦਰਤੀ ਤੌਰ ਤੇ ਮੈਂ ਏਥੇ ਕੈਨਾਲ ਰੈਸਟ ਹਾਊਸ ਵਿਚ ਚਲਾ ਗਿਆ ਕਿ ਮੈਂ ਨਹਿਰ ਦਾ ਪਟਵਾਰੀ ਹਾਂ, ਏਥੇ ਨਹਿਰਾਂ ਹਨ, ਖਊਰੇ ਮੈਨੂੰ ਕੋਈ ਨੌਕਰੀ ਮਿਲ ਜਾਏ।

ਕੁਦਰਤੀ ਤੌਰ ਤੇ ਉਹੀ ਐਕਸੀਅਨ ਸਾਹਿਬ ਜਿਨ੍ਹਾਂ ਫ਼ੀਰੋਜ਼ਪੁਰ ਵਿਚ ਸਲੈਕਸ਼ਨ ਲਈ ਹੋਈ ਸੀ, ਉਹੀ ਸਰਸੇ ਰੈਸਟ ਹਾਊਸ ਵਿਚ ਆਏ ਹੋਏ ਸਨ। ਉਹਨਾਂ ਨੇ ਮੇਰੀ ਪੱਗ ਵੇਖ ਕੇ ਫੌਰਨ ਮੈਨੂੰ ਪਛਾਣ ਲਿਆ ਤੇ ਮੈਨੂੰ ਉਹਨਾਂ ਦੂਜੇ ਦਿਨ ਹੀ, ਨਾਲੀ ਤੇ ਇੱਕ ਵੱਡਾ ਪਿੰਡ ਸੀ ਤੇ ਮੁਸਲਮਾਨ ਪਿੰਡ ਸੀ, ਅਜੇ ਉਹ ਏਥੇ ਹੀ ਸਨ ਕਿ ਮੈਨੂੰ ਇਸਦਾ ਚਾਰਜ ਸੰਭਾਲ ਦਿਤਾ ਤੇ ਮੇਰੀ ਸਰਕਾਰੀ ਨੌਕਰੀ ਮਿਲ ਗਈ। ਮੈਨੂੰ ਇਸ ਗੱਲ ਦਾ ਪੂਰਾ ਵਿਸ਼ਵਾਸ ਹੈ ਕਿ ਮਾਰਚ 1949 ਵਿਚ ਸਰਕਾਰੀ ਡਿਊਟੀ ਤੇ ਇਸ ਦਸਤਾਰ ਕਰਕੇ ਹੀ ਰਿਹਾ।

ਮੇਰਾ ਵਿਆਹ ਸੰਤ ਨਗਰ ਵਿਚ 1948 ਵਿਚ ਹੋਇਆ ਕਿਉਂਕਿ ਮੇਰਾ ਵਿਆਹ ਸਤਿਗੁਰਾਂ ਦੀ ਹਜ਼ੂਰੀ ਵਿਚ ਹੋਇਆ। ਉਹਨਾਂ ਮੈਨੂੰ ਪਛਾਣ ਕੇ ਕਿਹਾ: ਕਿਉਂ ਭਾਈ ਤੂੰ ਸਗੋਂ ਸੰਤ ਲਛਮਣ ਸਿੰਘ ਹਵੇਲੀ ਵਾਲਿਆਂ ਦਾ ਲੜਕਾ ਹੈਂ ? ਮੇਰੇ ਹਾਂ ਵਿਚ ਉਤਰ ਦੇਣ ਤੇ ਉਨ੍ਹਾਂ ਕਿਹਾ: ਤੂੰ ਤਾਂ ਪਟਵਾਰੀ ਲਗਾ ਹੋਇਆ ਸੈਂ। ਮੈਂ ਦੱਸਿਆ ਕਿ ਮੈਂ ਅੱਜ ਕੱਲ੍ਹ ਵੀ ਮੰਗਾਲੇ ਲੱਗਾ ਹੋਇਆ ਹਾਂ।

ਹੁਕਮ ਹੋਇਆ: ਭਾਈ ਸਾਨੂੰ ਵੀ ਬੜੀ ਭਾਰੀ ਲੋੜ ਰਹਿਣੀ ਹੈ ਪਟਵਾਰੀਆਂ ਦੀ ਏਸ ਵਾਸਤੇ ਤੂੰ ਸਾਨੂੰ ਆਪਣਾ ਪਤਾ ਦਿੰਦਾ ਰਹੀਂ।

**ਜੀਵਨ ਨਗਰ ਬਾਰੇ:**

ਸਤਿਗੁਰੂ ਜੀ ਨੇ ਚਾਰ ਪਿੰਡ, ਚਚਾਲ ਕੋਠੀ (ਜੀਵਨ ਨਗਰ), ਇਸਦਾ ਨਾਮ ਇੱਕ ਅੰਗਰੇਜ਼ ਦੇ ਨਾਮ ਤੇ ਹੈ ਚਚਾਲ ਕੋਠੀ, ਜਿਸਨੂੰ ਸਾਡੇ ਨਾਮਧਾਰੀ ਕੋਠੀ ਵੀ ਕਹਿੰਦੇ ਹਨ, ਜੱਗ ਮਲੇਰਾ ਜਿਸ ਨੂੰ ਅੱਜ ਕੱਲ੍ਹ ਸੰਤ ਲਗਰ ਦੇ ਤੌਰ ਤੇ ਵਾਚਿਆ ਜਾਂਦਾ ਹੈ। ਅਲੀਪੁਰ, ਜੋ ਕਿ ਹਰੀ ਪੁਰ ਨਾਮ ਨਾਲ ਜਾਣਿਆ ਜਾਂਦਾ ਹੈ ਅਤੇ ਕੰਜਰ ਵਾਲਾ, ਜਿਸਨੂੰ ਸਤਿਗੁਰਾਂ ਦੀ ਕਿਰਪਾ ਨਾਲ ਦਮਦਮਾ ਕਿਹਾ ਜਾਂਦਾ ਹੈ। ਇਹਨਾਂ ਚਾਰੇ ਪਿੰਡਾਂ ਦਾ ਰਕਬਾ 500 ਮੁਰੱਬਾ, ਇੱਕ ਹੀ ਮਾਲਿਕ ਤੋਂ, ਪਾਕਿਸਤਾਨ ਬਣਨ ਤੋਂ 5-6 ਮਹੀਨੇ ਪਹਿਲਾਂ ਖ਼ਰੀਦਿਆ। ਚੁਰੂ ਦੇ ਉਸ ਸੇਠ ਦਾ ਨਾਮ ਕਰੋੜੀ ਮੱਲ (ਸੰਭਵ) ਹੈ। ਸਤਿਗੁਰਾਂ ਨੇ ਇਹ ਰਕਬਾ ਪੂਰੇ 26,00,000/- ਦਾ ਖ਼ਰੀਦਿਆ। ਕਰੋੜੀ ਮੱਲ ਨੇ ਇਹ ਰਕਬਾ ਅੰਗਰੇਜ਼ ਤੋਂ ਖਰੀਦਿਆ ਸੀ, ਇਹ ਪਤਾ ਨਹੀਂ ਕਿੰਨੇ ਦਾ।

ਪਾਕਿਸਤਾਨ ਬਣਨ ਤੋਂ ਪਹਿਲੋਂ, ਪਾਕਪਟਨ ਜਿੱਥੇ ਕਿ ਮੇਰੀ ਪੱਕੀ ਨੌਕਰੀ ਸੀ, ਸਤਿਗੁਰੂ ਪ੍ਰਤਾਪ ਸਿੰਘ ਜੀ ਕਾਰ ਸਵਾਰ ਮੈਨੂੰ ਮਿਲੇ, ਮੈਂ ਸਾਈਕਲ ਤੇ ਆ ਰਿਹਾ ਸੀ। ਉਹਨਾਂ ਮੈਨੂੰ ਹੁਕਮ ਕੀਤਾ: ਭਾਈ, ਆਪਣੇ ਮਾਤਾ-ਪਿਤਾ ਨੂੰ ਇਹ ਗੱਲ ਕਹਿ ਦੇਈਂ ਕਿ ਤੁਹਾਨੂੰ ਇਹ ਦੇਸ ਛੱਡਣਾ ਪਏਗਾ, ਉਹ ਆਪਣੀ ਤਿਆਰੀ ਰੱਖਣ, ਜਿੱਥੇ ਆਪਾਂ ਮੁਰੱਬੇ ਖਰੀਦੇ ਹਨ, ਉਥੇ ਜਾਣਾ ਪਏਗਾ।

ਇੱਕ ਮੁਰੱਬੇ ਪਿੱਛੇ ਸਿੱਖਾਂ ਤੋਂ 5000/- ਲਿਆ ਗਿਆ ਤਾਂ ਕਿ ਅਦਲਾ ਬਦਲੀਆਂ ਦੌਰਾਨ ਲੰਗਰ ਦਾ ਖਰਚ ਨਾ ਹੋਵੇ, ਸਾਰੇ ਆਪੋ ਆਪਣਾ ਖ਼ਰਚਾ ਕਰਨ।

ਸਰਕਾਰੀ ਕਾਗਜ਼ਾਂ ਵਿੱਚ ਇਸਨੂੰ ਕਿਸ਼ਤਵਾਰ ਕਹਿੰਦੇ ਹਨ ਕਿ ਖੇਤਾਂ ਦੀਆਂ ਸ਼ਕਲਾਂ ਤੇ ਨੰਬਰ ਬੜੇ ਬੇਢੰਗੇ ਜਿਹੇ ਹੁੰਦੇ ਹਨ। ਕੋਈ ਚੌਰਸ, ਕੋਈ ਲੰਮੇ, ਕੋਈ ਗੋਲ, ਕੋਈ ਤਿਕੋਨੀ ਇਸ ਤਰ੍ਹਾਂ। ਇਹ ਕਿਉਂਕਿ ਨਾਲੀ ਦਾ ਇਲਾਕਾ ਸੀ, ਏਥੇ ਜੰਗਲ ਵੀ ਸੀ, ਸੱਪ, ਹਿਰਨ, ਬਘਿਆੜ ਆਦਿ ਸਨ। ਕੋਈ-ਕੋਈ ਰਕਬਾ ਕਾਸ਼ਤ ਕਰਨ ਦੇ ਯੋਗ ਹੋ ਜਾਂਦਾ ਸੀ। ਨਾਲੀ ਵਿਚ ਪਾਣੀ ਆ ਜਾਣ ਨਾਲ ਸਭ ਥਾਂ ਪਾਣੀ ਹੀ ਪਾਣੀ ਹੁੰਦਾ ਸੀ। ਹਾੜੀ ਤਾਂ ਹੋ ਜਾਂਦੀ ਸੀ ਪਰ ਸਾਉਣੀ ਦਾ ਕਿਤੇ ਕਿਤੇ ਕਮਾਦ ਤੇ ਝੋਨਾ ਹੀ ਹੁੰਦਾ ਸੀ।

ਸਤਿਗੁਰਾਂ ਨੇ ਪੰਜ ਸੌ ਮੁਰੱਬੇ ਦੀ ਤਕਸੀਮ ਕਰਨ ਵਾਸਤੇ ਸਾਨੂੰ ਲਾਇਆ। ਜਿਸ ਵਿੱਚ ਮੈਂ, ਸ. ਸਰਦੂਲ ਸਿੰਘ ਪਟਵਾਰੀ, ਗਿੱਲ ਜ਼ਿਲ੍ਹਾ ਸਿਆਲਕੋਟ ਦੇ ਐਸ ਵੇਲੇ ਉਹ ਨੰਗ ਥਲਾ (ਜ਼ਿਲ੍ਹਾ ਹਿਸਾਰ) ਰਹਿੰਦੇ ਹਨ ਉਥੇ ਉਹਦੀ ਜ਼ਮੀਨ ਹੈ।

ਉਹਨਾਂ ਮੇਰੇ ਨਾਲ ਸਾਥ ਦੇ ਕੇ ਜੰਗਲ ਕਟਾ ਕੇ, ਖੇਤ ਸਿੱਧੇ ਕਰਨ ਤੇ ਕਿਲੇਬੰਦੀ ਦਾ ਕੰਮ ਸਿਰੇ ਚਾੜ੍ਹਿਆ। ਇਸਦੀ ਸੁਪਰਵੀਜ਼ਨ ਸ. ਅਵਤਾਰ ਸਿੰਘ ਝੱਬਰ ਦੀ ਸੀ। ਮੇਰੀ ਜਾਣ ਪਛਾਣ ਭਾਵੇਂ 1949 ਵਿਚ ਹੀ ਉਹਨਾਂ ਨਾਲ, ਇਸ ਕੰਮ ਵਿਚ ਹੋਈ ਪਰ ਸਤਿਗੁਰਾਂ ਦਾ ਕੰਮ ਉਹਨਾਂ ਨੇ ਪਾਕਿਸਤਾਨ ਵੇਲੇ ਤੋਂ ਹੀ ਸੰਭਾਲਿਆ ਹੋਇਆ ਸੀ। ਹੁਕਮ ਇਹ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਹੀ ਸੀ ਕਿ ਸਾਰੇ ਜੰਗਲ ਤੇ ਝਾੜ ਬੂਟਾਂ ਨੂੰ ਅਤੇ ਸਾਰੇ ਵਿੰਗੇ ਟੇਢੇ ਖੇਤਾਂ ਨੂੰ ਮੁਰੱਬੇ ਬੰਦੀ ਦੀ ਤਰਤੀਬ ਦਿੱਤੀ ਜਾਵੇ। ਮੁਰੱਬਿਆਂ ਤੇ ਖੇਤਾਂ ਦੇ ਮਾਲਕਾਂ ਨੂੰ ਸਤਿਗੁਰਾਂ ਵੱਲੋਂ ਇਹ ਹੁਕਮ ਸੀ ਕਿ ਉਹ ਆਪਣੇ ਘਰਾਂ ਵਿਚੋਂ ਇੱਕ ਇੱਕ ਜੀਅ ਜ਼ਰੂਰ ਏਥੇ ਭੇਜਣ। ਏਥੇ ਸਾਰੇ ਹੀ ਮੁਸਲਮਾਨ ਵਸਨੀਕ ਸਨ ਤੇ ਮੁਸਲਮਾਨ ਹੀ ਏਥੇ ਕਾਸ਼ਤ ਕਰਦੇ ਸਨ। ਕੁਝ ਰਕਬਾ ਜ਼ਰੂਰ ਐਸਾ ਸੀ ਜੋ ਸਾਡੀ ਖ਼ੁਦ ਕਾਸ਼ਤ ਸੀ, ਸਤਿਗੁਰਾਂ ਨੇ ਸਖ਼ਤ ਹੁਕਮ ਦੇ ਕੇ ਘਰ-ਘਰ ਦਾ ਇੱਕ ਜੀਅ ਪਾਕਿਸਤਾਨ ਤੋਂ ਪਹਿਲੋਂ ਹੀ ਏਥੇ ਮੰਗਵਾ ਲਿਆ ਸੀ। ਉਹਨਾਂ ਵਿਚੋਂ ਵੀ ਮੁਅਤਬਰ ਸ. ਅਵਤਾਰ ਸਿੰਘ ਝੱਬਰ ਹੀ ਸੀ।

ਝੱਬਰ ਖ਼ਾਨਦਾਨ ਨੇ ਏਥੇ ਦੋ ਮੁਰੱਬੇ ਤਾਂ ਖਰੀਦੇ ਹੀ ਹੋਏ ਸਨ। ਮੈਂ ਤੇ ਸਰਦੂਲ ਸਿੰਘ ਤੇ ਇੱਕ ਦੋ ਹੋਰ ਪ੍ਰਾਈਵੇਟ ਪਟਵਾਰੀਆਂ ਨਾਲ ਸ. ਅਵਤਾਰ ਸਿੰਘ ਦੀ ਸੁਪਰਵੀਜ਼ਨ ਹੇਠ ਕੰਮ ਕੀਤਾ। ਸ. ਝੱਬਰ ਦਾ ਬੜਾ ਸੁਹਣਾ ਸਮਝਣ ਦਾ ਢੰਗ ਤੇ ਸਾਨੂੰ ਸਮਝਾਣ ਦਾ ਤਰੀਕਾ ਬੜਾ ਵਧੀਆ ਸੀ ਭਾਵੇਂ ਕਿ ਇਹ ਹੋਰ ਕਿਸੇ ਵਾਸਤੇ ਔਖਾ ਵੀ ਹੁੰਦਾ। ਉਨ੍ਹਾਂ ਸਾਨੂੰ ਗਾਹੇ ਬਗਾਹੇ ਹਦਾਇਤਾਂ ਵੀ ਦੇਣੀਆਂ।

ਅਸਾਂ ਮੁਰੱਬੇ ਲਾਈਨ, ਕਿੱਲੇ ਬੰਦੀ ਦਾ ਕੰਮ, ਜੰਗਲ ਸਾਫ਼ ਕਰਕੇ, ਕੋਈ 7-8 ਮਹੀਨਿਆਂ ਵਿੱਚ ਚੌਰਸ ਖੇਤ ਬਣਾਨ ਦਾ ਕੰਮ ਪੂਰਾ ਕੀਤਾ।

ਉਸ ਤੋਂ ਬਾਅਦ ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਸਾਰੇ ਹੀ ਮੁਅਤਬਰ ਆਦਮੀਆਂ ਨੂੰ ਸੱਦ ਕੇ ਜਿਸਨੂੰ ਕੈਨਾਲ ਰੈਸਟ ਹਾਊਸ ਕਹਿੰਦੇ ਹਨ, ਜਗ ਮਲੇਰੇ ਵਿਚ ਇਕ ਗਰੁੱਪਬੰਦੀ ਬਣਾਈ। ਜਿਨ੍ਹਾਂ ਨੇ ਪੰਜ ਸੌ ਮੁਰੱਬੇ ਖਰੀਦਣ ਵਿੱਚ ਹਿੱਸਾ ਪਾਇਆ ਸੀ ਉਹਨਾਂ ਦੇ ਗਰੁੱਪ ਬਣਾਏ ਜਿਵੇਂ ਸੰਤ ਆਲਾ ਸਿੰਘ ਗਰੁੱਪ, ਚੰਨਣ ਸਿੰਘ ਥਰਾਜੀਆ ਗਰੁੱਪ, ਘਸੀਟਾ ਸਿੰਘ ਗਰੁੱਪ, ਲਹੌਰੀਆਂ ਦਾ ਗਰੁੱਪ, ਮਿੰਟਗੁਮਰੀ ਗਰੁੱਪ, ਸ. ਅਵਤਾਰ ਸਿੰਘ ਗਰੁੱਪ, ਅਜਿਹੇ 10-11 ਗਰੁੱਪਾਂ ਦੀ ਸ਼ਕਲ ਵਿਚ ਜ਼ਮੀਨ ਗਿਣਕੇ ਵੰਡਕੇ, ਫਿਰ ਉਸਦੇ ਅੰਦਰ ਜਿੰਨੀ ਕਿਸੇ ਦੀ ਸੀ, ਉਸਦੀ ਤਕਸੀਮ ਕੀਤੀ।

ਸਤਿਗੁਰੂ ਜੀ ਨੇ ਇਸ 'ਚੋਂ ਬਚੀ ਜ਼ਮੀਨ ਉਹਨਾਂ ਬੰਦਿਆਂ ਨੂੰ ਵੀ ਪੰਜ ਪੰਜ ਏਕੜ ਦਿਤੀ ਜਿਨ੍ਹਾਂ ਪਾਸ ਪਾਕਿਸਤਾਨ ਵਿੱਚ ਜ਼ਮੀਨ ਹੈ ਨਹੀਂ ਸੀ ਤੇ ਏਥੇ ਵੀ ਉਹ ਖ਼ਰੀਦ ਨਹੀਂ ਸਨ ਸਕਦੇ। ਇਹਨਾਂ ਨੂੰ ਬਗ਼ੈਰ ਕੀਮਤ ਤੋਂ ਜਾਂ ਹੋਰ ਲਾਗਤ ਤੋਂ ਪੰਜ ਪੰਜ ਕਿਲੇ ਜ਼ਮੀਨ ਦਿਤੀ।

ਇਸ ਗੱਲ ਵਿਚ ਦੁਨਿਆਵੀ ਤੌਰ ਤੇ ਥੋੜ੍ਹੀ ਜਿਹੀ ਔਖਿਆਈ ਵੀ ਆਈ ਕਿਉਂਕਿ ਏਥੇ ਦੋ ਗਰੁੱਪ, ਸੈਣੀ ਗਰੁੱਪ ਅਤੇ ਕੰਬੋ ਗਰੁੱਪ ਜਿਨ੍ਹਾਂ 'ਚੋਂ ਸੈਣੀ ਗਰੁੱਪ ਦਮਦਮੇ ਨਾਲ ਸਬੰਧਿਤ ਸੀ, ਜੋ ਹੁਣ ਸੰਤੋਖਪੁਰਾ ਤੇ ਧਰਮ ਪੁਰਾ ਪਿੰਡਾਂ ਵਿਚ ਬੈਠਾ ਹੋਇਆ ਹੈ। ਜਗਜੀਤ ਪੂਰਾ ਇਸ ਵਿੱਚ ਨਹੀਂ ਗਿਣਿਆ ਜਾਂਦਾ, ਇਹ ਮਗਰੋਂ ਤਬਦੀਲੀਆਂ ਹੋਈਆਂ ਹਨ। ਦੂਜਾ ਕੰਬੋ ਗਰੁੱਪ ਜੁ ਆਸਾ ਸਿੰਘ ਗਰੁੱਪ ਕਰਕੇ ਜਾਣਿਆ ਜਾਂਦਾ ਸੀ, ਤੇ ਇਹ ਸ੍ਰੀ ਜੀਵਨ ਨਗਰ ਕੋਲ ਸੰਤਾਂ ਵਾਲੀ ਦੇ ਨਾਮ ਨਾਲ ਵਸਾਇਆ ਗਿਆ। ਇਹਨਾਂ ਦੋਹਾਂ ਗਰੁੱਪਾਂ ਨਾਲ ਸਤਿਗੁਰਾਂ ਨੇ ਰਿਆਇਤ ਕੀਤੀ ਕਿਉਂਕਿ ਸੈਣੀਆਂ ਤੇ ਕੰਬੋਆਂ ਦੀ ਪਾਕਿਸਤਾਨ ਵਿਚ ਕੋਈ ਜ਼ਮੀਨ ਨਹੀਂ ਸੀ। ਇਹਨਾਂ ਬੜੀ ਮੁਸ਼ਕਲ ਨਾਲ ਪੈਸੇ ਕੱਠੇ ਕਰਕੇ ਦਿਤੇ ਸਨ।

ਸਤਿਗੁਰਾਂ ਨੇ ਇਹਨਾਂ ਨਾਲ ਕੋਈ ਵਾਅਦਾ ਨਹੀਂ ਸੀ ਕੀਤਾ ਕਿ ਤੁਹਾਨੂੰ ਬੜੀ ਚੰਗੀ ਜ਼ਮੀਨ ਲੋਕਾਂ ਨਾਲੋਂ ਉਚੇਚੀ ਦਿਤੀ ਜਾਵੇਗੀ ਪਰ ਤਕਸੀਮ ਕਰਨ ਵੇਲੇ ਸਤਿਗੁਰਾਂ ਹੁਕਮ ਕੀਤਾ ਕਿ ਇਹਨਾਂ ਨੂੰ ਉੱਚੇ ਦਰਜੇ ਦੀ ਜ਼ਮੀਨ ਇੱਕੋ ਜਹ ਤੇ ਸਿਰਫ਼ ਨਹਿਰੀ ਦਿੱਤੀ ਜਾਵੇਗੀ। ਜਦੋਂ ਕਿ ਦੂਜਿਆਂ ਸਭ ਨੂੰ ਦੋ-ਦੋ ਥਾਵਾਂ ਤੇ ਜ਼ਮੀਨ ਦਿੱਤੀ ਜਾਣੀ ਸੀ - ਨਹਿਰੀ ਤੇ ਬਾਰਾਨੀ।

ਫਿਰ ਕੁਝ ਮੁਅਤਬਰ ਨਾਮਧਾਰੀ ਭਰਾਵਾਂ ਨੇ ਕੁਝ ਮੁਖ਼ਾਲਫ਼ਤ ਕਰਨ ਦੀ ਕੋਸ਼ਿਸ਼ ਕੀਤੀ ਪਰ ਸਤਿਗੁਰਾਂ ਨੇ ਇਹਨਾਂ ਕੰਬੋਆਂ ਤੇ ਸੈਣੀਆਂ ਦੀ ਰਿਆਇਤ ਬਰਕਰਾਰ ਰੱਖੀ। ਅਸਾਂ ਸੰਨ 1950 ਤੱਕ ਨਾਮਧਾਰੀਆਂ ਨੂੰ ਨਿਸ਼ਾਨਦੇਹੀ ਦੇਕੇ, ਜ਼ਮੀਨ ਹਵਾਲੇ ਕਰ ਦਿੱਤੀ। ਇਹ ਵੰਡ ਅਸਾਂ ਅਕਤੂਬਰ 1949 ਵਿੱਚ ਕਰ ਦਿੱਤੀ ਸੀ। 1950 ਤਕ ਦਖ਼ਲ ਦੇ ਕੇ ਜ਼ਮੀਨਾਂ ਸੰਭਾਲ ਦਿੱਤੀਆਂ। ਲੋਕ ਫਿਰ ਜੰਗਲ ਸਾਫ਼ ਕਰਨ ਤੇ ਜ਼ਮੀਨ ਨੂੰ ਪੱਧਰਿਆਂ ਕਰਨ ਵਿੱਚ ਜੁੱਟ ਗਏ।

**ਚਲਦਾ...**

# MURDER OF BEEF BUTCHERS BY KUKAS



**Edited by: Dr. Gurdev Singh Sidhu**
9417049417

Stimulated by the hope of gaining large reward offered for information which should lead to the discovery of the crime, this man acted his part so well as completely to deceive Mr. Christie and with whom he was brought in contact, and from that time the enquiry was pursued on information given by him, supported by another self-committed person named Ayya. At last, when Jai Ram, a respectable broker of the city, admitted that he had instigated these men and the others named by them to commit the murder, all doubts were dispelled, and, the evidence being considered sufficient to obtain convictions, twelve persons were, on the 25th July, committed by the Magistrate of the District, Major Birch, to take their trial before the Court of Sessions.

6. But while the case was still under investigation there, the butcher murder at Raikot took place. The murderers were apprehended, tried, and condemned to death. They were all men of the Kooka sect, and one of the four convicts, named Goolab Singh, offered, if pardoned, to give up the names of all who had been concerned in the Amritsar murders. His offer was accepted, and a conditional pardon given. When admitting that he himself had been a principal in the murders, he gave the names of his nine accomplices, 1, Futteh Singh, of Amritsar ; 2, Pula Singh ; 3, Hakim Singh, Putwari of Mowra ; 4, Lehna Singh, Turkhan of Amritsar; 5, Lehna Singh, Jut of Lopoke; 6, Jhunda Singh, of Thutthi; 7, Mihur Singh, of Lopoke; 8, Luchmun Singh ; and, 9, Bhagwan Singh, of Mehran,—all Kookas.

7. Bringing Goolab Singh with them, Lieutenant-Colonels McAndrew and Baillie arrived at Amritsar on the 2nd August, and, enquiry into the truth of the informer's statements commenced. The next day Futteh Singh of Amritsar, Hakim Singh, Putwari, and Lehna Singh of Lopoke were arrested. On the 5th August Beela Singh was brought in by the Police, and a day or two after Lehna Singh, Turkhan, was apprehended. Jhunda Singh, Mehur Singh, Bhugwan Singh and Luchmun Singh could not be found, and are still at large.

8. On the 4th August, on information furnished by Goolab Singh, a sword and axe used by two of the murderers, Luchmun Singh and Lehna Singh, Turkhan, were found by the Superintendent of Police, M. T. Smith, near the

village of Moola-chuck, the former buried in the raised bank of a canal water-course, and the latter in a well. The next day Beela Singh was brought in, and, as soon as he heard what Goolab Singh had said, he himself confessed, and, on the 7th August, took the Superintendent of Police to the village of Kowlanwala, where he pointed out the pool of water into which, he said, the hatchets used by himself and Mihur Singh had been thrown. The pool being searched, the hatchets were found in it. The day following these occurrences (8th) Lehna Singh of Lopoke also made a full confession, confirming in every particular the story told by Goolab Singh, and, on the 9th August, he took the Superintendent of Police out to a place about thirteen miles from Amritsar, and pointed out, hidden in a Bhoosa stack, the hatchet which he had himself carried, and the sword which, he said, had been used by Jhunda Singh.

9. By degrees every particular of the Kooka conspiracy for the murder of the Amritsar butchers was elicited from Goolab Singh and such of his accomplices as admitted their share in the outrage. It thus came out that no less than three different attempts had been made by these and other men of the Kooka sect to carry out their design before the final and successful onslaught of the 15th June, and that, owing to some accident or other, their intention on each of these three occasions had been frustrated. It was further discovered that Lehna Singh, a wealthy contractor of Amritsar, and one of Ram Singh's Soobas, and Lall Singh, a Police Constable, had actually abetted the commission of the crime, the former by allowing a burnt sacrifice ("Hom") for the success of the enterprize to be offered up in his own house, himself presiding at it, and the latter by providing weapons, on one occasion, for the use of the murderers. Both these men were accordingly arrested.

10. The result of the enquiries into this case having convinced Colonel Baillie and myself that the evidence on which twelve men, residents of Amritsar, had been previously committed to the Sessions was false, and the chief and only reliable witness, Jai Ram, having retracted his former statements, it was decided to withdraw the charges. This was accordingly done, and the accused, on their plea of not guilty, were formally acquitted by the Additional Commissioner, Mr. Elsmie.

11. The police enquiry into the other and true case was completed, and the case sent up to the Magistrate of the District on the 17th, and was by him commit- ted to the Sessions on the 19th August. The case was tried by me, with the aid of assessors, on the 28th, 29th and 30th of the same month. Four of the accused, Futteh Singh, Beela Singh, Hakim Singh and Lehna Singh, were sentenced to be hanged, and two others, Lal Singh and Lehna Singh, to be transported for life.

12. The sentences of death having been confirmed by the Chief Court, were carried out on the 15th September without accident, error, or misadventure; and thus peaceably ended the last scene of a tragedy which, viewed politically, at one time wore a

somewhat pretentious aspect. On this, however, I need not enlarge, all the facts of the case, including the springs of action and their political bearing. The clue which was ultimately obtained and which lead to the discovery of the murderers, was the result mainly of accident; but for the manner in which it was taken up and pursued till it led to the conviction of the chief actors in the foul murder of the 15th June the credit is entirely due to the Police Officers engaged,- Lieutenant-Colonels McAndrew and Baillie and Mr. T. Smith, assisted by Inspectors Narain Singh and Imdad Ali. The European Officers have received the thanks of Government, and the Native Officers have been rewarded by promotion to higher grades.

***

**Appendix A**

No. 264, dated Kassouli, the 6th September 1871

From-J. W. MACNABB, Esq., Offg. Commissioner and Superintendent, Ambala Division.

To- -The Offg. Secretary to Government, Punjab.

IN reply to your No. 136S., dated 22nd ultimo,, I have the honor to report as follows:-

2. The Raikot murder took place at a little before midnight of the 15th.The first man to hear the outcry and to arrive at the spot was Ahmud Khan,,duffadar of chowkeedars at Raikot. the Native *hakeem* of Raikot was almost immediately on the spot, and owing to his skillfulcare I am convinced several lives have been saved.

3. A storm was going on at the time, and nothing could be done; but at daylight, 16th, the duffadar, having secured the services of several trackers, started at once on the tracks of the eight murderers, along with Ram Singh and Dussounda Singh, constables of the Raikot Thanah, and by night-fall had carried them to within a dozen paces of the *"tukeya"* of a Kooka Fakeer, Khuzan Singh, a distance of 10 miles, and most difficult tracking.

4. The news reached Ludiana on the forenoon of the 16th. The Deputy Commissioner, Mr. Cowan,, Mr. Hatchell, the District Superintendent, and Dr. Ince, Civil Surgeon, started before noon for the scene of the murder -- The Deputy Commissioner having first reported the occurrence to this office by telegraph and letter. Owing to the difficulty of conveyance, they did not arrive at Raikot, a distance of 38 miles, till late that evening, and commenced their investigations the following morning.

5. Dr. Ince, finding the native *hakeem*was doing all that was necessary, at once returned to Ludiana..

6. At the same time the following men of the Ludiana Police were despatched from that place at 11 A. M. on the 16th, reaching Raikot by the direct road at 4 P. M.; pressing on without a halt, they joined the tracking party soon after they had reached Cheeneewal,--the whole distance being 34 miles:--

1.--Abdool Raheem Khan, Deputy Inspector.

2. Zabta Khan, Mounted Sergeant.

3. Sounda Khan, Sowar.

4.--Punjab, Sowar.

Meanwhile the Deputy Commissioner had sent off his Patiala Vakeel, Ahmud Hussun, to render assistance, and the party were joined at Cheeneewal by Thanadar Mohomed Hussun, of Ahmudgurh, and Thanadar Mukbool Hoossein, of Budhour, both in Patiala.

7. By the influence of these three Patiala officials, Khuzan Singh, to whose *"tukeya"* the tracks had been traced, was induced to give information after showing where three of the blood-stained swords were buried, which led to the apprehension and conviction of four of the eight men, - one of whom has since given evidence regarding the Amritsar murders.. The other three were hanged on the 5th August, on the spot, in Mr. Cowan's presence.

8. On the 20th Colonel McAndrew,, Deputy Inspector-General,, with Imdad Alli, Inspector, arrived at Raikot, where he had been preceded by Colonel Baillie, Deputy Inspector-General, with Nihal Singh, Inspector. These officers were, with the assistance of Mr. Cowan, indefatigable in their exertions in getting up the case, the greatest care being taken to prevent any irregular action by the subordinate police, and with great success Mr. Cowan committed the case by dint of very hard work on the 23rd. I commenced the trial on the spot on the 25th, and concluded it late on the evening of the 29th.

9. The Lieutenant Governor is aware of the exertions of Colonel McAndrew and Colonel Baillie in the matter..

10. I would also submit that the thanks of Government are due to Mr. Cowan, the Deputy Commissioner, who acted throughout with promptitude and a sound discretion, and to Mr. Hatchell, who had a severe attack of fever resulting from exposure.

11. As regards the subordinate police, at an early date Mr. Cowan reported to me that the police are behaving splendidly.

12. The Inspectors Narain Singh and Imdad Alli both exerted themselves with ability and success in tracing out corroborative evidence to support that of the Queen's evidence, Dull Singh,and subsequently in tracing up the clue leading to the apprehension of the Amritsar murderers. In this, from his knowledge of Amritsar as well as Ludiana, Narain Singh took the leading part. They will be recommended for reward by their own superiors.

13. With regard to Patiala officials, His Highness the Maharaja, on hearing of the outbreak, at once sent Sirdar Dewa Singh, Adalutee, and the two Local Nazims to the spot, and their presence was of considerable importance, as showing the views of His Highness the Maharaja in the case; but the actual work was done by the men previously mentioned; and I should here add that since the above date the Patiala Vakeel, Ahmud Hussun has, with the assistance of Mahomed Hussun, Thanadar, and a third Thanadar of Patiala, Allah-ol-deen. succeeded in hunting down and capturing in the wilds of Bikaneer Ruttun Singh, who confesses to having been an accomplice in the murders. I would, having consulted Colonel McAndrew, recommend

the following rewards-
Vakeel Allmed Hussun, shawls Rs. 500, cash Rs. 500= Rs. 1000
Thanadar Mahomed Hussun, sword, 100, cash Rs. 500= Rs. 600
Thanadar Mukbool Hoosein, sword, 100, cash Rs. 400= Rs. 500,
Thanadar Allah-ol-deen, cash Rs. 300 = Rs.300
Total, Rs. 2,400
14. I would further recommend-
To Ahmud Khan, Daffadar of Chowkeedars at Raikot, a purwana and Rs. 30
The Native Hakeem at Raikot, a purwana and Rs. 150
Boota, tracker Rs. 50
The other trackers Rs. 20
Abdool Raheem Khan, Deputy Inspector Rs. 100
Zabtee Khan, Mounted Sergeant, Rs. 30.
Soundah, Khan, Sowar, Rs. 20
Punjab, ditto Rs. 20
Ram Singh, Constable, Rs. 15
Dussoundah Singh,, Constable, Rs. 15
To be disposed of by the Police authorities, Rs.150 ---600
Grand Total, Rs. 3,000

***

No. 1297A.—165S., dated Lahore, 12th September 1871
From - LEPEL L. GRIFFIN, Esq., Offg. Secretary to Government, Punjab.
To - The Secretary to Government of India, Home Department

WITH reference to your letter No. 1369, of the 15th August, communicating the views of His Excellency the Viceroy and Governor-General in Council in regard to the assistance afforded by the Patiala officials in bringing to justice the men who were concerned in the outrage at Raikot, I am desired to forward, for information, copy of letter No. 284, dated 6th September, from the Commissioner of Ambala, and to state that the Hon'ble the Lieutenant-Governor has sanctioned the rewards proposed by Mr. MacNabb as in accordance with the wishes expressed by the Viceroy.

----

No. 1297B, dated 12th September 1871

COPY forwarded to Commissioner of Ambala, for information and guidance, with reference to his letter No. 284, of the 6th September.

***

No. 1297C.

EXTRACT paras. 13 and 14 of Commissioner's letter, and copy of above, to Accountant-General, Punjab, for information.

***

No. 1441, dated Simla, 12th October 1871.
From---- LEPEL L. GRIFFIN, Esq., Offg. Secretary to Government, Punjab.
To--- The Offg. Inspector-General of Police, Punjab.

In a letter to your address, of Colonel McAndrew,, Deputy Inspector- General, Ambala Circle, dated 21st August, certain rewards were proposed for Officers and Constables of the Police who had done good service during the investigation of the Raikot murder cases.

**to be continued**

# ਕਾਵਿ – ਕਿਆਰੀ

## ਕਬਿੱਤ

ਰਸ ਭਿੰਨੀ ਮਿੱਠੀ ਰਾਤ ਅਧੀਉਂ ਬਤੀਤ ਹੋਈ
ਚੱਲੀ ਸੁਖਦਾਈ ਪੌਣ ਭਰੀ ਜੋ ਪਿਆਰ ਸੀ।
ਰਾਮ ਦੇ ਪਿਆਰੇ ਉੱਠ ਭਗਤੀ 'ਚ ਲੀਨ ਹੋਏ
ਮਹਿਕ ਭਰੀ ਹਰ ਪਾਸੇ ਖਿੜੀ ਗੁਲਜ਼ਾਰ ਸੀ।
ਸੰਮਤ ਸਤੱਤਰ ਤੇ ਕੱਤਕ ਇਕਾਦਸ਼ੀ ਸੀ
ਮੱਘਰ ਦੀ ਅੱਠ ਸ਼ੁਭ ਦਿਨ ਸੋਮਵਾਰ ਸੀ।
ਭਾਗਭਰੀ ਮਾਤਾ ਮਾਂ ਭੁਪਿੰਦਰ ਦੀ ਗੋਦ ਵਿਚ
ਸਰਗੁਣ ਸਰੂਪ ਆਈ ਜੋਤ ਨਿੰਰਕਾਰ ਸੀ।

ਮਾਤ ਲੋਕ ਵਿਚ ਖੇੜੇ ਖੁਸ਼ੀ ਭਰਪੂਰ ਹੋਏ
ਦੇਵ ਲੋਕ ਵਿਚੋਂ ਮਾਨੋਂ ਚੱਲੀ ਅਮੀਂਧਾਰ ਸੀ।
ਨੂਰ ਮਸਤਕ ਕਮਾਲ ਜਾਪੇ ਅਲੋਕਾਰ ਬਾਲ
ਤੇਜ ਨੇਤਰੀਂ ਜਲਾਲ ਅਤੇ ਨੱਕ ਖੰਡੇਧਾਰ ਸੀ।
ਬੁਲੀਆਂ ਦੀ ਆਭਾ ਮਾਤ ਪਾਵਦੀ ਯਾਕੂਤ ਲਾਲ
ਸੱਤ ਰੰਗੀ ਪੀਂਘ ਸਮ ਭੌਰਾਂ ਦਾ ਉਲਾਰ ਸੀ।
ਰਵੀ ਸ਼ਰਮਾਵੇ ਤਪ ਤੇਜ ਤੱਕ ਮੁਖੜੇ ਦਾ
ਸਰਗੁਣ ਸਰੂਪ ਆਈ ਜੋਤ ਨਿਰੰਕਾਰ ਸੀ॥

ਸੂਰਤ ਪਿਆਰੀ ਦੀ ਨਿਆਰੀ ਜਿਹੀ ਬਾਲ ਲ੍ਹੀਲਾ
ਖੇਡਦੇ ਸੀ ਖੇਡਾਂ ਨਾਲ ਹਾਣ ਦੇ ਖਿਡਾਰ ਸੀ।
ਲੈ ਕੇ ਝੋਲੀ ਖਾਲੀ ਅੱਡ ਤਾਲੀ ਸੀ ਸਵਾਲੀ ਖੜਾ
ਦੁਖਾਂ ਮਾਰੇ ਪੁਤਰ ਦਾ ਪਿਤਾ ਦੁਖਿਆਰ ਸੀ।
ਲਿਆ ਬਾਬਾ ਬਾਲ ਤੇਰਾ ਬਰੀ ਹੋਊ ਲਾਲ ਆਖ,
ਲਾਈ ਬੰਨੇ ਬੇੜੀ ਜਿਹੜੀ ਫਸੀ ਮੰਝਧਾਰ ਸੀ।
ਮੁੱਖੋਂ ਕਰਕੇ ਬਿਲਾਸ ਕੱਟ ਦਿਤੀ ਜਮਫਾਸ ਜਿਸ
ਸਰਗੁਣ ਸਰੂਪ ਆਈ ਜੋਤ ਨਿਰੰਕਾਰ ਸੀ।

ਵੱਡ ਪ੍ਰਤਾਪੀ ਪਿਛੋਂ ਸਮੇਂ ਦੀ ਕੁਚਾਲ ਵਿਚ
ਪੰਥ ਅਗਵਾਈ ਦਾ ਉਠਾਕੇ ਸਿਰ ਭਾਰ ਸੀ।
ਈਰਖਾ ਦਵੈਤ ਦੂਈ ਕਲੇ ਨੂੰ ਮਿਟਾਉਣ ਦੇ ਲਈ
ਹੱਥ ਲੈ ਗਰੀਬੀ ਗਦਾ ਚੱਲ ਪਏ ਦਾਤਾਰ ਸੀ।
ਨਿਰਬਲਾਂ ਨਿਤਾਣਿਆਂ ਨੂੰ ਤਾਣ ਦੇ ਕੇ ਗਲੇ ਲਾਇਆ
ਗਰਬ ਗੁਮਾਨੀਆਂ ਦੇ ਤੋੜੇ ਹੰਕਾਰ ਸੀ।
ਬਾਣ ਪ੍ਰੇਮ ਦਾ ਚਲਾਇਆ ਭੁਲੇ ਮਾਰਗ ਬਤਾਇਆ ਜਿਸ
ਸਰਗੁਣ ਸਰੂਪ ਆਈ ਜੋਤ ਨਿਰੰਕਾਰ ਸੀ।

ਔੜ ਮਾਰੀ ਧਰਤੀ ਵਲੈਤ ਦੀ ਪੁਕਾਰ ਸੁਣ
ਦੇਰ ਨਾਂ ਲਗਾਈ ਪੁੱਜੇ ਸਾਗਰਾਂ ਤੋਂ ਪਾਰ ਸੀ।
ਮੇਘੇ ਫੁਰਮਾਨ ਹੋਆ ਮੰਨਿਆਂ ਬਚਨ ਸੱਤ
ਅੰਬਰਾਂ ਚੋਂ ਛਹਬਰ ਲਗਾਈ ਮੋਹਲੇਧਾਰ ਸੀ।
ਤੂੰਹੀਂ ਈਸਾ ਤੂੰ ਹੀ ਅੱਲਾ ਤੂੰ ਹੀ ਭਗਵਾਨ ਰੱਬ
ਕੂਕ ਉੱਠੇ ਹਿਰਦਿਆਂ ਚੋਂ ਸੱਭੇ ਨਰ ਨਾਰ ਸੀ।
ਅੱਜ ਤੱਕ ਯਾਦ ਕਰ ਆਖਦੀ ਵਲੈਤ ਸਾਰੀ
ਸਰਗੁਣ ਸਰੂਪ ਆਈ ਜੋਤ ਨਿਰੰਕਾਰ ਸੀ।

ਰੋਗ ਸੋਗ ਦੁੱਖ ਮਿਟਦੇ ਦਰਸ਼ ਪਾਕੇ
ਸੁੱਖਾਂ ਵਾਲੀ ਰਹਿੰਦੀ ਸਦਾ ਖਿੜੀ ਗੁਲਜ਼ਾਰ ਸੀ।
ਰਿੱਧਾਂ ਸਿੱਧਾਂ ਬਰਕਤਾਂ ਝੁਕਉਂਦੀਆਂ ਸੀ ਸੀਸ ਆ ਕੇ
ਭਰ ਦਾ ਕੁਬੇਰ ਵੀ ਆ ਹਾਜਰੀ ਦੁਆਰ ਸੀ।
ਹੀਣਤਾ ਗਰੀਬੀ ਬੇਨਸੀਬੀ ਲੈ ਜੋ ਦਰ ਡਿੱਗਾ
ਜਰ ਜੋਰੂ ਜਿਮੀਂ ਦੇ ਕੇ ਭਰਤੇ ਭੰਡਾਰ ਸੀ।
ਢੂੰਢ ਢੂੰਢ ਜੱਗ ਵਿਚੋਂ ਤਾਰਿਆ ਸੁਦਾਮਿਆਂ ਨੂੰ
ਸਰਗੁਣ ਸਰੂਪ ਆਈ ਜੋਤ ਨਿਰੰਕਾਰ ਸੀ।

ਆਪਣਾ ਤਿਆਗ ਹੱਕ ਦੂਸਰੇ ਦੀ ਕਰੋ ਰਾਖੀ
ਉੱਚਾ ਸੁੱਚਾ ਜਗ ਤੋਂ ਪੈਗਾਮ ਅਲੋਕਾਰ ਸੀ।
ਖਿਮਾ ਸਹਿਣ ਸ਼ੀਲਤਾ ਤੇ ਧੀਰਜ ਮੁਜੱਸਮੇਂ ਸੀ
ਸੇਵਾ ਅੱਠੇ ਪਹਿਰ ਦੀ ਇਹ ਜੀਵਨ ਦੀ ਕਾਰ ਸੀ।
ਚੋਜ ਏਸਦੇ ਬਿਅੰਤ ਇਹ ਸੀ ਲੱਛਮੀਂ ਦਾ ਕੰਤ
ਦੁੱਖ ਦਰਦ ਭਸਮੰਤ ਹੁੰਦੇ ਕਰਕੇ ਦਿਦਾਰ ਸੀ।
ਸੱਚ ਲਿਖਦਾ ਭਗਤ ਤਾਹੀਉਂ ਆਖਦਾ ਜਗਤ ਸਾਰਾ
ਸਰਗੁਣ ਸਰੂਪ ਆਈ ਜੋਤ ਨਿਰੰਕਾਰ ਸੀ।

**ਅਵਤਾਰ ਸਿੰਘ**

.................................................

# ਖ਼ਬਰਨਾਮਾ

## ਤਖਤ ਸ੍ਰੀ ਪਟਨਾ ਸਾਹਿਬ ਵਿਖੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦਾ ਸ਼ਾਨਦਾਰ ਸਵਾਗਤ

**31 ਅਕਤੂਬਰ ਤੋਂ 1 ਨਵੰਬਰ 2025**

ਸ੍ਰੀ ਸਤਿਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੇ 350 ਵਰ੍ਹੇ ਪੂਰੇ ਹੋਣ ਤੇ ਇਸ ਲਾਸਾਨੀ ਸ਼ਹਾਦਤ ਨੂੰ ਸਾਰੇ ਹੀ ਸੰਸਾਰ ਵਿਚ ਜਿਥੇ-ਜਿਥੇ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਵੱਸਦੀਆਂ ਹਨ ਬਹੁਤ ਹੀ ਸ਼ਰਧਾ ਅਤੇ ਸਤਿਕਾਰ ਨਾਲ ਯਾਦ ਕਰ ਰਹੀਆਂ ਹਨ। ਸ੍ਰੀ ਸਤਿਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਚਰਨ ਛੋਹ ਪ੍ਰਾਪਤ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਜਨਮ ਭੂਮੀ ਪਟਨਾ ਸਾਹਿਬ ਵਿਖੇ ਇਸ ਇਤਿਹਾਸਿਕ ਦਿਨ ਤੇ ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ ਹੋ ਰਹੇ ਸਮਾਗਮਾਂ ਲਈ ਸ੍ਰੀ ਪਟਨਾ ਸਾਹਿਬ ਤਖਤ ਦੀ ਸਮੁੱਚੀ ਪ੍ਰਬੰਧਕੀ ਕਮੇਟੀ ਵਲੋਂ ਇਕ ਸੱਦਾ ਪੱਤਰ ਇਤਿਹਾਸਕਾਰ ਸਿਮਰ ਸਿੰਘ ਅਤੇ ਮਲਵਿੰਦਰ ਸਿੰਘ ਬੈਨੀਪਾਲ ਲੈ ਕੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਲਈ ਸ੍ਰੀ ਭੈਣੀ ਸਾਹਿਬ ਪਧਾਰੇ। ਇਸ ਸੱਦੇ ਪੱਤਰ ਦੇ ਮੁਤਾਬਿਕ ਸ੍ਰੀ ਸਤਿਗੁਰੂ ਜੀ ਨੇ ਤਖਤ ਸ੍ਰੀ ਪਟਨਾ ਸਾਹਿਬ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਤੇ 350 ਵੇ ਵਰ੍ਹੇ ਤੇ ਹੋ ਰਹੇ ਇਸ ਸਮਾਗਮ ਵਿਚ ਸੰਗਤ ਸਮੇਤ ਹਾਜ਼ਰ ਹੋਣ ਦਾ ਪ੍ਰੋਗਰਾਮ ਉਲੀਕਿਆ ਗਿਆ। ਸ੍ਰੀ ਭੈਣੀ ਸਾਹਿਬ ਤੋਂ ਦੋ ਬੱਸਾਂ ਦਾ ਪ੍ਰਬੰਧ ਸੰਗਤ ਲਈ ਏਸੇ ਤਰ੍ਹਾਂ ਮਸਤਾਨਗੜ੍ਹ ਜ਼ਿਲ੍ਹਾ ਸਿਰਸਾ ਦੀ ਸਾਧ ਸੰਗਤ ਵੀ ਵੱਡੀ ਗਿਣਤੀ ਵਿਚ ਸ਼ਾਮਲ ਹੋਣ ਲਈ ਪਹੁੰਚੀ, 29 ਅਕਤੂਬਰ ਨੂੰ ਸਵੇਰੇ ਸ੍ਰੀ ਭੈਣੀ ਸਾਹਿਬ ਤੋਂ 2 ਬੱਸਾਂ ਅਤੇ ਗੱਡੀਆਂ ਦਾ ਕਾਫਲਾਂ ਗੁਰਪ੍ਰੀਤ ਸਿੰਘ ਗੋਪੀ, ਨਿਰਮਲ ਸਿੰਘ ਅਤੇ ਹੋਰ ਨੋਜਵਾਨਾਂ ਦੇ ਜਥੇ ਸਮੇਤ ਸਵੇਰ 6:30 ਤੇ ਰਵਾਨਾ ਹੋਇਆ ਜੋ ਕਿ ਮਿਤੀ 30 ਅਕਤੂਬਰ ਨੂੰ ਸਵੇਰੇ 7 ਵਜੇ ਪਟਨਾ ਸਾਹਿਬ ਪਹੁੰਚ ਗਏ ਸਨ। ਸ੍ਰੀ ਭੈਣੀ ਸਾਹਿਬ ਤੋਂ ਦੂਸਰਾ ਜਥਾ ਜਿਸ ਵਿਚ ਸੇਵਕ ਕਰਤਾਰ ਸਿੰਘ, ਆਸਾ ਸਿੰਘ, ਸਤਨਾਮ ਸਿੰਘ, ਸੂਬਾ ਹਰਭਜਨ ਸਿੰਘ ਰਾਗੀ, ਬਲਵੰਤ ਸਿੰਘ, ਸੰਤ ਨਿਸ਼ਾਨ ਸਿੰਘ ਕਥਾਵਾਚਕ, ਸ. ਸੁਵਰਨ ਸਿੰਘ ਵਿਰਕ, ਪੰਡਿਤ ਯਾਦਵਿੰਦਰ ਸਿੰਘ, ਗੁਰਲਾਲ ਸਿੰਘ, ਜਥੇ. ਨਿਸ਼ਾਨ ਸਿੰਘ ਦਿੱਲੀ ਅਤੇ ਰਿਪੋਰਟ ਦੇ ਲੇਖਕ ਸੂਬਾ ਬਲਵਿੰਦਰ ਸਿੰਘ ਝੱਲ ਸਮੇਤ ਤਕਰੀਬਨ 20 ਕੁ ਸਰੀਰ ਦਿੱਲੀ ਤੋਂ ਇੰਡੀਗੋ ਦੀ ਫਲਾਇਟ 6 E 6379 ਰਾਹੀ ਸ਼ਾਮ 6:30 ਮਿਤੀ 30 ਅਕਤੂਬਰ 2025 ਨੂੰ ਪਟਨਾ ਪਹੁੰਚ ਗਏ। ਸ੍ਰੀ ਜੈ ਪ੍ਰਕਾਸ਼ ਨਰਾਇਣ ਯਾਦਗਾਰੀ ਹਵਾਈ ਅੱਡੇ ਤੇ ਸੰਗਤ ਲੈਣ ਲਈ ਬਾਲ ਲੀਲਾ ਗੁਰਦੁਆਰਾ ਪਟਨਾ ਸਾਹਿਬ ਦੀ ਬੱਸ ਕਾਰ ਸੇਵਾ ਬਾਬਾ ਭੂਰੀਵਾਲਿਆਂ ਵਲੋਂ ਸੰਗਤ ਦੀ ਸਹੂਲਤ ਲਈ ਭੇਜੀ ਗਈ ਸੀ। ਇਸ ਬੱਸ ਵਿਚ ਸਵਾਰ ਹੋ ਕੇ ਤਕਰੀਬਨ ਢੇਡ ਘੰਟੇ ਦੇ ਸਫ਼ਰ ਬਾਅਦ ਗੁਰਦੁਆਰਾ ਬਾਲ ਲੀਲਾ ਵਿਖੇ ਪਹੁੰਚੇ। ਸ੍ਰੀ ਭੈਣੀ ਸਾਹਿਬ ਤੋਂ ਪਹਿਲਾਂ ਪਹੁੰਚ ਚੁੱਕੇ ਨੌਜਵਾਨਾਂ ਦੇ ਜਥੇ ਨੇ ਸੰਗਤ ਦੇ ਠਹਿਰਣ ਲਈ ਸੰਤ ਬਾਬਾ ਕਸ਼ਮੀਰਾ ਸਿੰਘ ਭੂਰੀ ਵਾਲਿਆਂ ਵਲੋਂ ਉਸਾਰੇ ਗਏ "ਰਾਜਾ ਫਤਿਹ ਚੰਦ ਯਾਤਰੀ ਨਿਵਾਸ" ਅਤੇ ਮਾਤਾ ਵਿਸੰਭਰਾ ਦੇਵੀ ਯਾਤਰੀ ਨਿਵਾਸ, ਵਿਖੇ ਸੰਗਤ ਦੇ ਡੇਰੇ ਤਰਤੀਬਵਾਰ ਲਵਾਏ ਗਏ। ਲੰਗਰ ਦੇ ਪ੍ਰਬੰਧ ਲਈ ਸੰਤ ਨਗਰ ਤੋਂ ਲਾਂਗਰੀ ਜਥਾ ਜਿਸ ਵਿਚ ਬਲਦੇਵ ਸਿੰਘ ਸਬੇਗ ਸਿੰਘ ਸਮੇਤ ਸ੍ਰੀ ਭੈਣੀ ਸਾਹਿਬ ਦਾ ਲਾਂਗਰੀ ਜਥਾ ਵੀ ਰਣਜੀਤ ਸਿੰਘ ਲਾਂਗਰੀ ਅਤੇ ਵਰਿਆਮ ਸਿੰਘ ਲਾਂਗਰੀ ਦੀ ਅਗਵਾਈ ਵਿਚ ਹਾਜ਼ਰ ਸੀ। ਸੰਗਤ ਨੇ ਲੰਗਰ ਪਾਣੀ ਛੱਕ ਕੇ ਰਾਤ ਬਹੁਤ ਸੁੱਖ ਅਤੇ ਅਰਾਮ ਨਾਲ ਬਤੀਤ ਕੀਤੀ। ਇੰਦਰ ਦੇਵਤਾ ਵੀ ਹਲਕੀ-ਹਲਕੀ ਬਾਰਸ਼ ਦੇ ਰੂਪ ਵਿਚ ਆਪਣੀ ਹਾਜ਼ਰੀ ਲਵਾ ਰਿਹਾ ਸੀ।

ਮਿਤੀ 1 ਨਵੰਬਰ 2025 ਦਿਨ ਸ਼ਨੀਵਾਰ- ਸਵੇਰੇ ਇਸ਼ਨਾਨ ਪਾਣ ਕਰਕੇ ਸੰਗਤ ਨੇ ਪ੍ਰਸ਼ਾਦ ਪਾਣੀ ਛਕਣ ਉਪਰੰਤ ਸੰਗਤ ਨੂੰ ਅੱਜ ਦੇ ਪ੍ਰੋਗਰਾਮ ਦੀ ਰੂਪ ਰੇਖਾ ਦੱਸ ਦਿੱਤੀ ਗਈ। ਸ੍ਰੀ ਸਤਿਗੁਰੂ ਜੀ ਬੰਗਲੌਰ ਤੋਂ ਹਵਾਈ ਸਫਰ ਰਾਂਹੀ ਸੂਬਾ ਅਮਰੀਕ ਸਿੰਘ ਜੀ ਬੰਗਲੌਰ ਸਮੇਤ ਸ੍ਰੀ ਪਟਨਾ ਸਾਹਿਬ ਦੀ ਜੈ ਪ੍ਰਕਾਸ਼ ਨਰਾਇਣ ਯਾਦਗਾਰੀ ਹਵਾਈ ਅੱਡੇ ਤੋਂ ਤਕਰੀਬਨ 12:30 ਤੇ ਆਣ ਸਾਧ ਸੰਗਤ ਨੂੰ ਦਰਸ਼ਨ ਦੇ ਕੇ ਨਿਵਾਜਿਆ। ਸ੍ਰੀ ਸਤਿਗੁਰੂ ਜੀ ਨੇ ਉਚੇਚੇ ਤੌਰ ਤੇ ਆਈ ਸਾਧ ਸੰਗਤ ਦਾ ਹਾਲ-ਚਾਲ ਪੁੱਛਿਆ ਅਤੇ ਸਭਨਾ ਨੂੰ ਇੱਥੇ ਪਹੁੰਚਣ ਤੇ ਖੁਸ਼ੀਆਂ ਬਖਸ਼ੀਆਂ ਸ੍ਰੀ ਸਤਿਗੁਰੂ ਜੀ ਦੇ ਪਹੁੰਚਣ ਤੇ ਸ. ਸਿਮਰ ਸਿੰਘ ਨੂੰ ਫੁੱਲਾਂ ਦਾ ਹਾਰ ਪਹਿਣਾ ਕੇ ਸ੍ਰੀ ਸਤਿਗੁਰੂ ਜੀ ਨੂੰ ਜੀ ਆਇਆ ਆਖਿਆ। ਗੁਰਦਵਾਰਾ ਬਾਲ ਲੀਲਾ ਮੈਣੀ ਸੰਗਤ ਪਟਨਾ ਸਾਹਿਬ ਦੇ ਪ੍ਰਬੰਧਕ ਬਾਬਾ ਸੁਖਵਿੰਦਰ ਸਿੰਘ ਤੇ ਬਾਬਾ ਗੁਰਿੰਦਰ ਸਿੰਘ ਜੀ ਨੇ ਸ੍ਰੀ ਸਤਿਗੁਰੂ ਜੀ ਦਾ ਸੁਆਗਤ ਅਤੇ ਜੀ ਆਇਆ ਆਖਿਆ ਸ੍ਰੀ ਸਤਿਗੁਰੂ ਜੀ ਨੇ ਦੋਨੋਂ ਹਸਤੀਆਂ ਦਾ ਲੋਈ ਅਤੇ ਮਾਲਾ

ਬਖਸ਼ ਕੇ ਮਾਣ ਵਧਾਇਆ ਏਥੇ ਹੀ ਬਾਬਾ ਬਲਜੀਤ ਸਿੰਘ ਜੀ ਦਾਦੂਵਾਲ ਵੀ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਲਈ ਉਚੇਚੇ ਤੌਰ ਤੇ ਆਏ। ਤਖਤ ਸ੍ਰੀ ਪਟਨਾ ਸਾਹਿਬ ਵਿਖੇ ਬਣੇ ਬਹੁਤ ਸੁੰਦਰ ਜੋਹਰੀ ਸਾਲਸ ਰਾਮ ਯਾਦਗਾਰੀ ਹਾਲ ਵਿੱਚ ਸ਼ਾਮ ਦਾ ਨਾਮ ਸਿਮਰਨ ਅਤੇ ਪਿਛਲੇ ਪਹਿਰ ਦਾ ਕੀਰਤਨ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ 4 ਵਜੇ ਤੋਂ 6 ਵਜੇ ਤੱਕ ਹੋਇਆ। ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਕੀਰਤਨ ਹਜ਼ੂਰੀ ਰਾਗੀ ਬਲਵੰਤ ਸਿੰਘ, ਹਰਪ੍ਰੀਤ ਸਿੰਘ ਸੋਨੂੰ ਅਤੇ ਸਤਨਾਮ ਸਿੰਘ ਨੇ ਕੀਤਾ। ਸ਼ਬਦ ਸੀ ਬਚਿੱਤਰ ਨਾਟਕ ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ "ਮੈ ਹੋ ਪਰਮ ਪੁਰਖ ਕੋ ਦਾਸਾ" ਦਸਮੇਸ਼ ਪਾਤਸ਼ਾਹ ਜੀ ਦੇ ਪ੍ਰਕਾਸ਼ ਅਸਥਾਨ ਉਹਨਾਂ ਦੀ ਹੀ ਰਚਨਾ ਦਾ ਗਾਇਨ ਹੋ ਰਿਹਾ ਸੀ ਜਿਸ ਕਰਕੇ ਇਕ ਵੱਖਰੇ ਮਹੌਲ ਦੀ ਸਿਰਜਨਾ ਜਾਪਦੀ ਸੀ। ਤਖਤ ਸ੍ਰੀ ਪਟਨਾ ਸਾਹਿਬ ਦੀ ਪ੍ਰੰਬਧਕੀ ਕਮੇਟੀ ਦੇ ਸਕੱਤਰ ਸ. ਇੰਦਰ ਸਿੰਘ ਜੀ ਉਚੇਚੇ ਤੌਰ ਤੇ ਇਸ ਸਮਾਗਮ ਦਾ ਅਨੰਦ ਮਾਣਨ ਲਈ ਪਧਾਰੇ। ਜਿਨ੍ਹਾਂ ਨੂੰ ਸ੍ਰੀ ਸਤਿਗੁਰੂ ਜੀ ਨੇ ਸਿਰੋਪਾਓ ਦੇ ਕੇ ਨਿਵਾਜ਼ਿਆ। ਤਖਤ ਸ੍ਰੀ ਪਟਨਾ ਸਾਹਿਬ ਤੋਂ ਲੱਗਭਗ 8 ਕਿਲੋਮੀਟਰ ਦੀ ਦੂਰੀ ਤੇ ਹੈ ਇਤਿਹਾਸਿਕ ਸਥਾਨ ਗੁਰਦੁਆਰਾ ਗੁਰੂ ਕਾ ਬਾਗ ਜਿਥੇ ਸ੍ਰੀ ਗੁਰੂ ਤੇਗ ਬਹਾਦਰ ਜੀ ਆਣ ਕੇ ਪੜਾ ਕੀਤਾ ਭਾਵ ਡੇਰਾ ਕੀਤਾ ਸੀ। ਇਸ ਇਤਿਹਾਸਿਕ ਸਥਾਨ ਤੇ ਉਹਨਾਂ ਦੀ ਯਾਦ ਵਿਚ ਬਿਹਾਰ ਸਰਕਾਰ ਨੇ ਬਹੁਤ ਸੰਦਰ ਇਕ ਆਡੀਟੋਰੀਅਮ ਸਥਾਪਤ ਕੀਤਾ ਗਿਆ ਜਿਸ ਦਾ ਨਾਮ ਹੈ ਪ੍ਰਕਾਸ਼ ਪੁੰਜ। ਇਸ ਅਤੀ ਸੁੰਦਰ ਹਾਲ ਵਿਚ ਅੱਜ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ ਇਕ ਸੈਮੀਨਾਰ ਕਰਵਾਇਆ ਜਾ ਰਿਹਾ ਸੀ। ਇਸ ਦੀ ਅਗਵਾਈ ਬਿਹਾਰ ਦੇ ਰਾਜਪਾਲ ਸ੍ਰੀ ਆਰਿਫ ਮੁਹੰਮਦ ਖਾਨ ਕਰ ਰਹੇ ਸਨ। ਇਲਾਕਾ ਮਸਤਾਨਗੜ੍ਹ ਸਿਰਸਾ ਤੋਂ ਆਈ ਸੰਗਤ ਦਾ ਡੇਰਾ ਵੀ ਏਥੇ ਹੀ ਕੀਤਾ ਗਿਆ ਸੀ। ਆਡੀਟੋਰੀਅਮ ਹਾਲ ਦੇ ਅੰਦਰ ਨਾਮਧਾਰੀ ਸੰਗਤ ਦੀ ਹਜ਼ਾਰੀ ਭਰਭੂਰ ਸੀ। ਸ੍ਰੀ ਸਤਿਗੁਰੂ ਜੀ ਨੇ ਹਾਲ ਵਿਚ ਦਰਸ਼ਨ ਦਿੱਤੇ ਅਤੇ ਮੰਚ ਤੇ ਆਪ ਨੇ ਆਸਨ ਤੇ ਬਿਰਾਜਮਾਨ ਹੋ ਗਏ। ਸਮਾਗਮ ਸ਼ੁਰੂ ਸੀ। ਜਿਸ ਵਿਚ ਤਖਤ ਸ੍ਰੀ ਪਟਨਾ ਸਾਹਿਬ ਦੀ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਸ. ਜਗਤਜੋਤ ਸਿੰਘ, ਸ. ਕੁਲਤਾਰ ਸਿੰਘ ਸੰਧਵਾਂ ਸਪੀਕਰ ਪੰਜਾਬ ਵਿਧਾਨ ਸਭਾ, ਸ. ਬਿਕਰਮ ਸਿੰਘ ਸੋਢੀ, ਸ. ਅਮਰਜੀਤ ਸਿੰਘ ਸੰਧਵਾ Ex M.L.A, ਸ. ਇੰਦਰਜੀਤ ਸਿੰਘ ਪ੍ਰਧਾਨ, ਮਹਾਂਮਨਨੀ ਪ੍ਰੀਤੀ ਸਿੰਘ ਨਾਭਾ, ਬੀਬੀ ਹਰਜੋਤ ਕੌਰ ਆਈ.ਏ.ਐਸ., ਸ. ਲਖਵਿੰਦਰ ਸਿੰਘ ਮੀਤ ਪ੍ਰਧਾਨ ਤਖਤ ਪਟਨਾ ਸਾਹਿਬ, ਮਾਲਵਿੰਦਰ ਸਿੰਘ ਬੈਨੀਪਾਲ, ਸ. ਗੁਰਚਰਨ ਸਿੰਘ ਗੁਰੂ ਨਾਨਕ ਨਿਸਕਾਮ ਸੇਵਾ ਜਥਾ ਯੂ.ਕੇ., ਗਿਆਨੀ ਬਲਦੇਵ ਸਿੰਘ ਜਥੇਦਾਰ ਤਖਤ ਪਟਨਾ ਸਾਹਿਬ, ਪ੍ਰੋ. ਮਨਜੀਤ ਸਿੰਘ ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ, ਸ. ਇੰਦਰਜੀਤ ਸਿੰਘ ਸਕੱਤਰ ਪ੍ਰਬੰਧਕੀ ਕਮੇਟੀ, ਸ. ਤਰਲੋਚਨ ਸਿੰਘ ਸਾਬਕਾ ਐਮ.ਪੀ., ਬਾਬਾ ਬਲਜੀਤ ਸਿੰਘ ਦਾਦੂਵਾਲ ਸਾਰਿਆਂ ਹੀ ਬੁਲਾਰਿਆਂ ਨੇ ਗੁਰਸਿੱਖੀ ਜੀਵਨ ਜਾਂਚ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਸ਼ਹਾਦਤ ਬਾਰੇ ਆਪੋ-ਆਪਣੇ ਵੀਚਾਰ ਰੱਖੇ। ਸ੍ਰੀ ਹਰਦੀਪ ਪੁਰੀ ਜੀ ਕੈਬਨਿਟ ਮੰਤਰੀ ਭਾਰਤ ਸਰਕਾਰ ਪਰਿਵਾਰ ਸਮੇਤ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਦਾ ਜੋੜਾ ਲੈ ਕੇ ਇਸ ਸਮਾਗਮ ਵਿਚੋਂ ਹਾਜ਼ਰ ਹੋਏ। ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਆਪਣੇ ਪ੍ਰਵਚਨ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਯਾਦ ਕਰਦਿਆਂ ਹੋਇਆ, ਉਹਨਾਂ ਦੀ ਹਸਤ ਲਿਖਤ ਦਾ ਵਰਨਣ ਕੀਤਾ ਜਿਸ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਵਰਨਣ ਹੈ "ਸੁਖੁ ਦੁਖੁ ਜਿਹ ਪਰਸੈ ਨਹੀ ਲੋਭ ਮੋਹੁ ਅਭਿਮਾਨੁ। ਕਹੁ ਨਾਨਕ ਸੁਨ ਰੇ ਮਨਾ ਸੋ ਮੂਰਤ ਭਗਵਾਨ॥ ਸ੍ਰੀ ਸਤਿਗੁਰੂ ਜੀ ਹੁਕਮ ਕੀਤਾ ਕਿ ਇਸ ਰਸਤੇ ਤੇ ਚੱਲ ਕੇ ਸਾਰੇ ਹੀ ਭਗਵਾਨ ਬਣ ਸਕਦੇ ਹਨ। ਸਭਨਾ ਵਿਦਵਾਨਾਂ ਨੇ ਆਪੋ-ਆਪਣੀ ਵਾਰੀ ਮੁਤਾਬਿਕ ਮੰਚ ਤੇ ਹਾਜ਼ਰੀ ਲਵਾਈ। ਬਿਹਾਰ ਦੇ ਰਾਜਪਾਲ ਵਿਦਵਾਨਾਂ ਨੇ ਆਪੋ-ਆਪਣੀ ਵਾਰੀ ਮੁਤਾਬਿਕ ਮੰਚ ਤੇ ਹਾਜ਼ਰੀ ਲਵਾਈ। ਬਿਹਾਰ ਦੇ ਰਾਜਪਾਲ ਆਰਿਫ ਮੁਹੰਮਦ ਖਾਨ ਅਤੇ ਬੀਬੀ ਹਰਜੋਤ ਕੌਰ ਆਈ.ਏ.ਐਸ. ਦਾ ਭਾਸ਼ਣ ਵਿਦਵਤਾ ਭਰਭੂਰ ਸੀ। ਮੰਚ ਵਲੋਂ ਸਾਰੇ ਹੀ ਵਿਦਵਾਨਾਂ ਅਤੇ ਪਹੁੰਚੀ ਸੰਗਤ ਦਾ ਧੰਨਵਾਦ ਕੀਤਾ ਗਿਆ। ਸ੍ਰੀ ਸਤਿਗੁਰੂ ਜੀ ਨੇ ਗੁਰੂ ਕਾ ਬਾਗ ਇਤਿਹਾਸਿਕ ਗੁਰਦੁਆਰਾ ਸਾਹਿਬ ਵਿਖੇ ਵੀ ਨਮਸਕਾਰ ਕੀਤੀ ਅਤੇ ਰਾਤ ਡੇਰੇ ਆਣ ਵਿਸ਼ਰਾਮ ਕੀਤਾ।

ਮਿਤੀ 2 ਨਵੰਬਰ 2025 ਦਿਨ ਐਤਵਾਰ- ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ "ਜੋਹਰੀ ਸਾਲਸ ਰਾਏ ਯਾਦਗਾਰੀ ਹਾਲ" ਤਖਤ ਪਟਨਾ ਸਾਹਿਬ ਵਿਖੇ ਹਜ਼ੂਰੀ ਰਾਗੀ ਬਲਵੰਤ ਸਿੰਘ, ਹਰਪ੍ਰੀਤ ਸਿੰਘ ਸੋਨੂੰ ਅਤੇ ਸਤਨਾਮ ਸਿੰਘ ਨੇ ਕੀਤਾ। ਕੀਰਤਨ ਦੇ ਦੌਰਾਨ ਹੀ ਤਖਤ ਪਟਨਾ ਸਾਹਿਬ ਦੇ ਮੈਨੇਜਰ ਸ. ਹਰਜੀਤ ਸਿੰਘ ਜੀ ਨੇ ਕੀਰਤਨ ਦੇ ਦੌਰਾਨ ਹੀ ਕੇਸਰੀ ਸਿਰੋਪਾਉ ਰਾਗੀ ਸਿੰਘਾਂ ਦੇ ਜਥੇ ਨੂੰ ਪਹਿਨਾਏ ਗਏ। ਆਸਾ

ਦੀ ਵਾਰ ਦੇ ਕੀਰਤਨ ਦੀ ਸਮਾਪਤੀ ਦੀ ਅਰਦਾਸ ਉਪਰੰਤ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਸੰਗਤ ਸਮੇਤ ਤਖਤ ਪਟਨਾ ਸਾਹਿਬ ਹਰੀ ਮੰਦਰ ਵਿਖੇ ਆਪਣੀ ਸ਼ਰਧਾ ਅਤੇ ਸਤਿਕਾਰ ਸਹਿਤ ਸ੍ਰੀ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਅਸਥਾਨ ਤੇ ਨਮਸਕਾਰ ਕੀਤੀ। ਏਥੇ ਹੀ ਉਸ ਇਤਿਹਾਸਿਕ ਖੂਹ ਨੂੰ ਦੇਖਿਆ ਜਿਸ ਦਾ ਜਲ ਮਾਤਾ ਗੂਜਰੀ ਜੀ ਦੇ ਮੰਗ ਮੰਗਣ ਤੇ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਵਿਚ ਅਰਦਾਸ ਕੀਤੀ ਸੀ ਕਿ ਖੂਹ ਦਾ ਜਲ ਖਾਰਾ ਹੋ ਜਾਵੇ ਜੀ ਤਖਤ ਸ੍ਰੀ ਹਰੀ ਮੰਦਰ ਪਟਨਾ ਸਾਹਿਬ ਦੇ ਸਿੰਘ ਸਾਹਿਬ ਜਥੇਦਾਰ ਬਲਦੇਵ ਸਿੰਘ ਜੀ ਨੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੂੰ ਬਹੁਤ ਸਤਿਕਾਰ ਨਾਲ ਤਖਤ ਵਲੋਂ ਸਿਰੋਪਾਉ ਭੇਂਟ ਕੀਤਾ ਗਿਆ ਅਤੇ ਜੀ ਆਇਆ ਆਖਿਆ। ਇਹ ਉਹ ਇਤਿਹਾਸਿਕ ਅਤੇ ਯਾਦਗਾਰੀ ਪਲ ਸਨ ਜਿਸ ਨੂੰ ਸੂਰਤਪਾਲ ਸਿੰਘ, ਬੰਤਾ ਸਿੰਘ ਅਤੇ ਕਰਨਪਾਲ ਸਿੰਘ ਦੀ ਸਮੁੱਚੀ ਟੀਮ ਵਲੋਂ ਆਪਣੇ ਕੈਮਰਿਆ ਵਿਚ ਸੰਭਾਲ ਲਿਆ। ਸ੍ਰੀ ਸਤਿਗੁਰੂ ਜੀ ਨੇ ਵੀ ਜਥੇਦਾਰ ਬਲਦੇਵ ਸਿੰਘ ਜੀ ਨੂੰ ਲੋਈ ਤੇ ਮਾਲਾ ਦੀ ਬਖਸ਼ਿਸ਼ ਕੀਤੀ। ਇਸ ਸਮੇਂ ਤਖਤ ਸ੍ਰੀ ਪਟਨਾ ਸਾਹਿਬ ਦੀ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਸ. ਜਗਤਜੋਤ ਸਿੰਘ ਅਤੇ ਮੈਨੇਜਰ ਸ. ਹਰਜੀਤ ਸਿੰਘ ਵੀ ਤਖਤ ਤੇ ਹਾਜ਼ਰ ਸਨ। ਤਖਤ ਪਟਨਾ ਸਾਹਿਬ ਕਮੇਟੀ ਦੇ ਪ੍ਰਧਾਨ ਸ. ਜਗਤਜੋਤ ਸਿੰਘ ਅਤੇ ਮੈਨੇਜਰ ਹਰਜੀਤ ਸਿੰਘ ਵਲੋਂ ਇਕ ਯਾਦਗਾਰੀ ਤਸਵੀਰ ਵੀ ਸ੍ਰੀ ਸਤਿਗੁਰੂ ਜੀ ਨਾਲ ਅਤੇ ਸਾਧ ਸੰਗਤ ਨਾਲ ਕੀਤੀ ਗਈ। ਸ੍ਰੀ ਸਤਿਗੁਰੂ ਜੀ ਨੇ ਸ. ਗੁਰਮੀਤ ਸਿੰਘ ਪੁੱਤਰ ਸ. ਰਤਨ ਸਿੰਘ ਅਤੇ ਸੁਖਵੰਤ ਸਿੰਘ, ਸੁਖਬੀਰ ਸਿੰਘ ਪੁੱਤਰ ਸ. ਹਰਭਜਨ ਸਿੰਘ ਕਿਲ੍ਹਾ ਰੋਡ ਵਿਖੇ ਘਰਾਂ ਵਿਚ ਚਰਨ ਪਾਉਣ ਦੀ ਕਿਰਪਾ ਕੀਤੀ। ਡੇਰੇ ਆਣ ਪ੍ਰਸ਼ਾਦ ਪਾਣੀ ਛਕਤ ਉਪਰੰਤ ਗੁਰਦੁਆਰਾ ਕੰਗਣਘਾਟ ਅਤੇ ਪੰਡਿਤ ਸਿਵਦੱਤ ਦੇ ਮੰਦਰ ਜਿਥੇ ਗੁਰੂ ਗੋਬਿੰਦ ਸਿੰਘ ਜੀ ਨੇ ਬਾਲ ਅਵਸਥਾ ਵਿਚ ਚੋਜ ਕੀਤੇ, ਥਾਵਾਂ ਦੇ ਦਰਸ਼ਨ ਮੇਲੇ ਕੀਤੇ। ਪੰਡਿਤ ਸ਼ਿਵ ਦੱਤ ਦੇ ਸਥਾਨ ਤੇ ਪਵਿੱਤਰ ਗੁਰਬਾਣੀ ਦੀ ਪੁਸਤਕ ਅਤੇ ਹੱਥ ਲਿਖਤ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਦੇ ਦਰਸ਼ਨ ਵੀ ਕੀਤੇ। ਠੀਕ 11:45 ਤੇ ਸ੍ਰੀ ਸਤਿਗੁਰੂ ਜੀ ਨੇ ਗੁਰੂ ਕਾ ਬਾਗ ਵਿਖੇ ਬਣੇ ਪ੍ਰਕਾਸ਼ ਪੁੰਜ ਆਡੀਟੋਰੀਅਮ ਵਿਖੇ ਸਰਬ ਧਰਮ ਸੰਮੇਲਨ ਵਿਚ ਦਰਸ਼ਨ ਦੇਣ ਦੀ ਕਿਰਪਾ ਕੀਤੀ। ਜਿਸ ਵਿਚ ਪ੍ਰੋ. ਮਨਜੀਤ ਸਿੰਘ ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ, ਗੋਸਵਾਮੀ ਵਾਤਿਸ, ਮੁਫਤੀ ਸਮੂਨ ਕਾਸਮੀ ਉਤਰਾਖੰਡ, ਸੂਫੀ ਸਈਅਦ ਸਨਮਾਨ ਚਿਸਤੀ ਜੀ ਅਜਮੇਰ ਸਰੀਫ, ਡਾ. ਹਰਮਨ ਨੋਬਟ ਰੋਮਨ ਕੈਨਥਿਕ ਚਰਚ, ਪਾਦਰੀ ਧਰਮਨਾਰਮਨੀ, ਡਾ. A.K ਮਰਚਨ ਬਰਾਈ ਧਰਮ, ਗਨੇਸਾ ਸੋਨਮ ਨਿਵਾਸ ਬੁੱਧ ਧਰਮ, ਸ਼ਾਹੀ ਇਮਾਮ ਸਈਅਦ ਅਹਿਮਦ ਬੁਖਾਰੀ, ਸ. ਤ੍ਰਿਲੋਚਨ ਸਿੰਘ ਜੀ Ex ਚੇਅਰਮੈਨ ਮਿਨਿਉਰਟੀ ਕਮਿਸ਼ਨ, ਬਾਬਾ ਬਲਜੀਤ ਸਿੰਘ ਜੀ ਦਾਦੂਵਾਲ, ਸ. ਕੁਲਤਾਰ ਸਿੰਘ ਸੰਧਵਾਂ ਸਪੀਕਰ ਪੰਜਾਬ ਵਿਧਾਨ ਸਭਾ, ਸਟੇਜ ਸਕੱਤਰ ਸ. ਧਰਮਪਾਲ ਸਿੰਘ ਨੇ ਸਾਰੇ ਹੀ ਬੁਲਾਰਿਆਂ ਨੂੰ ਤਰਤੀਬਵਾਰ ਸਟੇਜ ਤੇ ਪੇਸ਼ ਕੀਤਾ। ਤਖਤ ਸ੍ਰੀ ਪਟਨਾ ਸਾਹਿਬ ਦੀ ਪ੍ਰਬੰਧਕੀ ਕਮੇਟੀ ਦੇ ਜਨਰਲ ਸਕੱਤਰ ਸ. ਲਖਵਿੰਦਰ ਸਿੰਘ, ਸ. ਇੰਦਰਜੀਤ ਸਿੰਘ ਸਕੱਤਰ ਅਤੇ ਮੈਂਬਰ ਹਰਪਾਲ ਸਿੰਘ ਨੇ ਸ੍ਰੀ ਸਤਿਗੁਰੂ ਜੀ ਦਾ ਉਚੇਚੇ ਤੌਰ ਤੇ ਸਨਮਾਨ ਕੀਤਾ ਅਤੇ ਸ੍ਰੀ ਸਤਿਗੁਰੂ ਜੀ ਨੇ ਮੰਚ ਤੋਂ ਆਪਨਾ ਸ਼ੁਭ ਉਪਦੇਸ਼ ਦੀ ਕਿਰਪਾ ਕੀਤੀ। ਸਾਰੇ ਹੀ ਧਾਰਮਿਕ ਆਗੂਆਂ ਵੱਲੋਂ ਆਪਸੀ ਪ੍ਰੇਮ ਪਿਆਰ ਅਤੇ ਮਿਲਵਰਤਨ ਦੀ ਭਾਵਨਾ ਨਾਲ ਸਰਬੱਤ ਦੇ ਭਲੇ ਦੀ ਗੱਲ ਕੀਤੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਦਰਸਾਏ ਮਾਰਗ ਤੇ ਚੱਲਣ ਦਾ ਸੰਦੇਸ਼ ਦਿੱਤਾ। ਸ੍ਰੀ ਸਤਿਗੁਰੂ ਜੀ ਨੇ ਆਪ ਨੇ ਉਪਦੇਸ਼ ਵਿਚ ਸਭਨਾ ਨੂੰ ਸੁਚੇਤ ਕੀਤਾ ਕਿ ਜੋ ਗਲਤੀਆਂ ਬੀਤੇ ਸਮੇਂ ਵਿਚ ਹੋਈਆਂ ਹਨ ਕਿ ਭਵਿੱਖ ਵਿਚ ਅਜਿਹੀਆਂ ਗਲਤੀਆਂ ਕਰਨ ਤੋਂ ਅਸੀਂ ਗੁਰੇਜ ਕਰੀਏ। ਆਪਸੀ ਭਾਈ ਚਾਰਕ ਸਾਂਝ ਦਾ ਸੁਨੇਹਾ ਦਿੰਦਾ ਹੋਇਆ ਅੱਜ ਦਾ ਇਹ ਸਰਬ ਧਰਮ ਸੰਮੇਲਨ ਪਟਨਾ ਸਾਹਿਬ ਦੀ ਧਰਤੀ ਤੇ ਹੋਇਆ ਇਤਿਹਾਸਿਕ ਕਾਰਜ ਹੋ ਨਿਬੜਿਆ।

**ਸੂਬਾ ਬਲਵਿੰਦਰ ਸਿੰਘ ਝੱਲ**

## ਝਾੜਖੰਡ ਰਾਜ ਦੇ ਸ਼ਹਿਰ ਡਾਲਟਨ ਗੰਜ ਵਿਖੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ

ਬਿਹਾਰ ਰਾਜ ਵਿਚ ਸਿੱਖਾਂ ਦੇ ਸਥਾਪਿਤ ਤਖਤ ਸਾਹਿਬ ਵਿਖੇ ਮਨਾਏ ਗਏ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ 350 ਵੇ ਵਰ੍ਹੇ ਸਮਰਪਿਤ ਸਮਾਗਮਾਂ ਦੀ ਸਮਾਪਤੀ ਉਪਰੰਤ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਗੁਰਦੁਆਰਾ ਗੁਰੂ ਕਾ ਬਾਗ ਪਟਨਾ ਸਾਹਿਬ ਤੋਂ ਝਾੜਖੰਡ ਰਾਜ ਦੇ ਸ਼ਹਿਰ ਡਾਲਟਨ ਗੰਜ ਦੀ ਸਾਧ ਸੰਗਤ ਨੂੰ ਦਰਸ਼ਨ ਦੇਣ ਲਈ

ਚਾਲੇ ਪਾਏ ਡਾਲਟਨ ਗੰਜ ਦੇ ਸ. ਸੁਖਪਾਲ ਸਿੰਘ ਪੁੱਤਰ ਸ. ਪ੍ਰਿਤਪਾਲ ਸਿੰਘ ਦੀ ਗੱਡੀ ਜਿਸ ਨੂੰ ਸੁਖਪਾਲ ਸਿੰਘ ਖੁਦ ਚਲਾ ਰਿਹਾ ਸੀ ਵਿਚ ਸਵਾਰ ਹੋ ਕੇ ਡਾਲਟਨ ਗੰਜ ਲਈ ਚਾਲੇ ਪਾਏ। ਕਾਫੀ ਲੰਮੇ ਸਫਰ ਨੂੰ ਤਹਿ ਕਰਦੇ ਹੋਏ ਰਾਤ ਤਕਰੀਬਨ 9 ਵਜੇ ਦੇ ਕਰੀਬ ਡਾਲਟਨ ਗੰਜ ਸ਼ਹਿਰ ਵਿਖੇ ਪਹੁੰਚੇ ਤਾਂ ਸੰਗਤ ਨੇ ਸ੍ਰੀ ਸਤਿਗੁਰੂ ਜੀ ਦਾ ਫੁੱਲਾਂ ਦੇ ਗੁਲਦਸਤਿਆਂ ਨਾਲ ਸੁਆਗਤ ਕੀਤਾ। ਸ. ਸੁਖਪਾਲ ਸਿੰਘ, ਅਜੇਪਾਲ ਸਿੰਘ ਪੁੱਤਰ ਸ. ਪ੍ਰਿਤਪਾਲ ਸਿੰਘ ਦੇ ਗ੍ਰਹਿ ਵਿਖੇ ਹੀ ਸ੍ਰੀ ਸਤਿਗੁਰੂ ਜੀ ਦਾ ਡੇਰਾ ਕੀਤਾ ਗਿਆ ਏਥੇ ਹੀ ਰਾਤ ਵਿਸ਼ਰਾਮ ਕੀਤਾ।

**ਮਿਤੀ 2 ਨਵੰਬਰ 2025 ਦਿਨ ਐਤਵਾਰ**- ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਰਾਗੀ ਬਲਵੰਤ ਸਿੰਘ, ਹਰਪ੍ਰੀਤ ਸਿੰਘ ਸੋਨੂੰ ਅਤੇ ਸਤਨਾਮ ਸਿੰਘ ਨੇ ਨਾਮਧਾਰੀ ਧਰਮਸ਼ਾਲਾ ਡਾਲਟਨ ਗੰਜ ਵਿਖੇ ਕੀਤਾ। ਸ਼ਬਦ ਗੁਰੂ ਅਰਜਨ ਦੇਵ ਜੀ ਦਾ ਸੀ- ਭੂਲੇ ਮਾਰਗੁ ਜਿਨਹਿ ਬਤਾਇਆ, ਐਸਾ ਗੁਰ ਵਡਭਾਗੀ ਪਾਇਆ" ਇਸ ਸਮੇਂ ਸੂਬਾ ਹਰਜੀਤ ਸਿੰਘ ਮੁਠੱਡਾ, ਸ. ਹਰਜਿੰਦਰ ਸਿੰਘ ਪ੍ਰਧਾਨ ਨਾਮਧਾਰੀ ਸੰਗਤ ਕਨੇਡਾ, ਸੂਬਾ ਹਰਭਜਨ ਸਿੰਘ ਲੁਧਿਆਣਾ, ਸੰਤ ਨਿਸ਼ਾਨ ਸਿੰਘ, ਸ. ਸੁਵਰਨ ਸਿੰਘ ਵਿਰਕ, ਗੁਰਲਾਲ ਸਿੰਘ, ਹਾਜਰ ਸਨ। ਆਸਾ ਦੀ ਵਾਰ ਦੇ ਕੀਰਤਨ ਦੀ ਸਮਾਪਤੀ ਉਪਰੰਤ ਡਾਲਟਨ ਗੰਜ ਦੇ ਬੱਚਿਆ ਨੇ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਪ੍ਰੋਗਰਾਮ ਪੇਸ਼ ਕੀਤਾ ਬੱਚਿਆਂ ਦਾ ਪਹਿਲਾ ਸ਼ਬਦ ਸੀ ਤੀਸਰੇ ਪਾਤਸ਼ਾਹ ਜੀ ਦਾ "ਮਨਿ ਚਾਉ ਭਇਆ ਪ੍ਰਭ ਆਗਮ ਸੁਣਿਆ" ਅੱਜ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦਾ ਦਿਨ ਸੀ "ਨਾਮ ਜਪ ਲਉ ਤੇ ਜਨਮ ਸਵਾਰ ਲਓ ਇਹ ਧਨ ਨਾਲ ਜਾਏਗਾ" ਬੱਚਿਆਂ ਨੇ ਗਾ ਕੇ ਪੇਸ਼ ਕੀਤਾ। ਸਟੇਜ ਸਕੱਤਰ ਦੀ ਸੇਵਾ ਸੀਤਲ ਕੌਰ ਨੇ ਨਿਭਾਈ। "ਭਾਗ ਹੋਆ ਗੁਰ ਸੰਤ ਮਿਲਾਇਆ" ਸਾਰੇ ਪ੍ਰੋਗਰਾਮ ਨੂੰ ਪੇਸ਼ ਕਰਨ ਵਾਲੇ ਬੱਚੇ ਸਨ ਪੂਰਨ ਸਿੰਘ, ਮਾਨ ਸਿੰਘ, ਸਗੁਨ ਕੌਰ, ਮਾਇਰਾ ਕੌਰ, ਸਿਮਰਨ ਕੌਰ, ਸੁਖਮਨੀ ਕੌਰ, ਮੁਸਕਾਨ ਕੌਰ, ਰਮਨੀਕ ਸਿੰਘ ਅਤੇ ਸੀਤਲ ਕੌਰ। ਉਪਰੰਤ ਸ. ਸੁਵਰਨ ਸਿੰਘ ਵਿਰਕ ਨੇ ਸੰਗਤ ਨੂੰ ਸੰਬੋਧਨ ਕੀਤਾ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀ ਖੁਸ਼ੀ ਵਿਚ ਪਵਿੱਤਰ ਗੁਰਬਾਣੀ ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਦੇ ਪਾਠਾਂ ਦੇ ਭੋਗ ਵੀ ਪਾਏ ਗਏ। ਸ੍ਰੀ ਸਤਿਗੁਰੂ ਜੀ ਨੇ ਪਵਿੱਤਰ ਉਪਦੇਸ਼ ਦੀ ਕਿਰਪਾ ਕੀਤੀ ਅਤੇ ਬਚਨ ਕੀਤਾ ਕਿ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸਹਿਣਸੀਲਤਾਂ ਦਾ ਗੁਣ ਸਾਨੂੰ ਬਖਸ਼ਿਆ ਹੈ। ਪ੍ਰੋਗਰਾਮ ਦੀ ਸਮਾਪਤੀ ਉਪਰੰਤ ਹੇਠ ਲਿਖੇ ਘਰਾਂ ਵਿਚ ਚਰਨ ਪਾਉਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਸ. ਅਜੀਤ ਸਿੰਘ ਪੁੱਤਰ ਸ. ਜੋਧ ਸਿੰਘ, ਸਤਵੀਰ ਕੌਰ, ਸ. ਪ੍ਰੀਤਮ ਸਿੰਘ, ਬਲਕਾਰ ਸਿੰਘ ਪੁੱਤਰ ਸੰਤੋਖ ਸਿੰਘ, ਧਰਮਵੀਰ ਸਿੰਘ ਸੋਨੂੰ ਪੁੱਤਰ ਪ੍ਰੀਤਮ ਸਿੰਘ, ਗੁਰਮੀਤ ਸਿੰਘ ਪੁੱਤਰ ਕ੍ਰਿਪਾਲ ਸਿੰਘ ਏਥੇ ਹੀ ਛੋਟੇ ਬੱਚੇ ਗੁਰਦਿਆਲ ਸਿੰਘ ਪੁੱਤਰ ਗਿਆਨ ਸਿੰਘ ਨੇ ਸ੍ਰੀ ਸਤਿਗੁਰੂ ਜੀ ਨੂੰ ਪਾਠ ਸੁਨਾਇਆ। ਜਗਦੀਪ ਕੌਰ ਪੁੱਤਰੀ ਕ੍ਰਿਪਾਲ ਸਿੰਘ, ਮਹਿੰਦਰ ਸਿੰਘ ਪੁੱਤਰ ਜੈ ਸਿੰਘ, ਗੁਰਮੁਖ ਸਿੰਘ ਪੁੱਤਰ ਨਰਿੰਦਰ ਸਿੰਘ, ਕੁਲਦੀਪ ਸਿੰਘ ਪੁੱਤਰ ਕਰਤਾਰ ਸਿੰਘ, ਉਕਾਂਰ ਸਿੰਘ ਪੁੱਤਰ ਮੋਹਨ ਸਿੰਘ, ਅਜੀਤ ਸਿੰਘ ਪੁੱਤਰ ਸਰਦਾਰ ਸਿੰਘ, ਕੋਮਲ ਸਿੰਘ ਪੁੱਤਰ ਮੰਗਲ ਸਿੰਘ, ਜੋਗਿੰਦਰ ਸਿੰਘ ਪੁੱਤਰ ਹਰਨਾਮ ਸਿੰਘ, ਸੁਖਪਾਲ ਸਿੰਘ, ਅਜੇਪਾਲ ਸਿੰਘ ਪੁੱਤਰ ਸ. ਪ੍ਰਿਤਪਾਲ ਸਿੰਘ ਦੀ ਸ੍ਰੀ ਪ੍ਰਤਾਪ ਇੰਜਸੀਜ ਦੁਕਾਨ ਤੇ, ਰਤਨਜੀਤ ਸਿੰਘ ਪੁੱਤਰ ਅਮਰਜੀਤ ਸਿੰਘ, ਤਜਿੰਦਰਪਾਲ ਸਿੰਘ, ਇੰਦਰਪਾਲ ਸਿੰਘ ਪੁੱਤਰ ਗੁਰਦਿਆਲ ਸਿੰਘ ਨਾਮਧਾਰੀ ਦੇ ਘਰਾਂ ਵਿਚ ਦਰਸ਼ਨ ਦੇ ਚਰਨ ਪਾਉਣ ਉਪਰੰਤ ਵਾਪਸੀ ਲਈ ਰਾਂਚੀ ਲਈ ਚਾਲੇ ਪਾਏ। ਸ. ਸੁਖਪਾਲ ਸਿੰਘ, ਅਜੇਪਾਲ ਸਿੰਘ ਦੇ ਮੋਟਰਸਾਇਕਲ ਦੀ ਸ਼ੋਰੂਮ ਦੇ ਚਰਨ ਪਾਉਣ ਉਪਰੰਤ ਰਾਂਚੀ ਲਈ ਚੱਲ ਪਾਏ।

**ਸੂਬਾ ਬਲਵਿੰਦਰ ਸਿੰਘ ਝੱਲ**

## ਮਾਤਾ ਹਰਬੰਸ ਕੌਰ ਜੀ ਅਕਾਲ ਚਲਾਣਾ ਕਰ ਗਏ

**6 ਨਵੰਬਰ 2025**

ਮਾਤਾ ਹਰਬੰਸ ਕੌਰ ਜੀ 94 ਸਾਲ ਦੀ ਆਯੂ ਬਤੀਤ ਕਰ 25 ਅਕਤੂਬਰ ਨੂੰ ਅਕਾਲ ਚਲਾਣਾ ਕਰ ਗਏ ਸਨ। ਮਾਤਾ ਜੀ ਦਾ ਜਨਮ 1931 ਈ. ਵਿਚ ਪਿਤਾ ਗੁਰਮੁੱਖ ਸਿੰਘ ਮਾਤਾ ਪ੍ਰੇਮ ਕੌਰ ਦੇ ਗ੍ਰਹਿ ਵਿਖੇ ਹੋਇਆ। ਟਕਸਾਲੀ ਨਾਮਧਾਰੀ ਪਰਿਵਾਰ ਦੀ ਇਸ ਪੁੱਤਰੀ ਨੇ ਆਪਣੇ ਵੱਡਿਆ ਤੋਂ ਉਤਮ ਕਦਰਾਂ ਕੀਮਤਾਂ ਦੀ ਗੁੜਤੀ ਲਈ। ਆਪ ਦਾ ਅਨੰਦ ਕਾਰਜ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪ ਸੰਤ

ਜਗਦੀਸ਼ ਸਿੰਘ ਜੀ ਨਾਲ ਕੀਤਾ ਸੀ। ਇਹ ਦੰਪਤੀ ਜੋੜਾ ਭਜਨ ਬੰਦਗੀ ਗੁਰਬਾਣੀ, ਸੱਚੀ ਸੁੱਚੀ ਕਿਰਤ ਅਤੇ ਸੁੱਚ ਸੋਧ ਵਿਚ ਜੀਵਨ ਬਤੀਤ ਕਰਨ ਵਾਲੇ ਸਨ। ਤਾਉਮਰ ਦੋਵਾਂ ਜੀਆਂ ਨੇ ਸੋਧ ਰੱਖੀ। ਸਤਿਗੁਰੂ ਪ੍ਰਤਾਪ ਸਿੰਘ ਜੀ ਸਤਿਗੁਰੂ ਜਗਜੀਤ ਸਿੰਘ ਜੀ, ਹਜ਼ੂਰ ਸਤਿਗੁਰੂ ਜੀ ਦੀਆਂ ਖੁਸ਼ੀਆਂ ਦੀ ਪਾਤਰ ਰਹੀ ਮਾਤਾ ਹਰਬੰਸ ਕੌਰ ਅਤਿ ਦੇ ਨਿਮਰ ਸੁਭਾਅ ਦੇ ਮਾਲਕ ਸਨ। ਸੇਵਾ ਦੀ ਐਸੀ ਲਗਨ ਵਾਲੇ ਕਿ ਸਤਿਗੁਰੂ ਜੀ ਦਾ ਅਤੇ ਸੋਧੀ ਸਿੱਖਾਂ ਦਾ ਪ੍ਰਸ਼ਾਦ ਪਾਣੀ ਹਮੇਸ਼ਾਂ ਅੱਗੇ ਹੋ ਕਰਨਾ। ਉਦਮੀ ਸਰੀਰ ਜੋ ਸਾਰੀ ਉਮਰ ਕਹਿਣੇ ਵਿਚ ਰਿਹਾ ਕਦੀ ਬੁਖਾਰ ਤੱਕ ਮਹਿਸੂਸ ਨਹੀਂ ਹੋਇਆ। ਸੰਤ ਜਗਦੀਸ਼ ਸਿੰਘ ਵੀ ਪਰਮ ਪੁਰਸ਼ਾਰਥੀ ਪੁਰਖ ਸਨ। ਇਨ੍ਹਾਂ ਦੇ ਘਰ ਛੇ ਬੱਚਿਆਂ ਦੇ ਜਨਮ ਹੋਏ। ਸ. ਸੁਖਦੇਵ ਸਿੰਘ, ਸੂਬਾ ਬਲਦੇਵ ਸਿੰਘ, ਸ. ਸੇਵਾ ਸਿੰਘ, ਸ. ਗੁਰਮੀਤ ਸਿੰਘ ਚਾਨਾ ਲੜਕੀਆਂ ਜਸਬੀਰ ਕੌਰ ਅਤੇ ਬਲਜੀਤ ਕੌਰ, ਜਸਬੀਰ ਕੌਰ ਹਿਸਾਰ ਵਿਆਹੀ ਹੈ ਅਤੇ ਬਲਜੀਤ ਕੌਰ ਲੁਧਿਆਣੇ। ਸਾਰੇ ਬੱਚੇ ਪੂਰਨ ਗੁਰਸਿੱਖੀ ਵਾਲਾ ਜੀਵਨ ਬਤੀਤ ਕਰ ਰਹੇ ਹਨ। ਇਹ ਮਾਤਾ ਹਰਬੰਸ ਕੌਰ ਦੀ ਦਿੱਤੀ ਸਿੱਖਿਆ ਹੈ ਅੱਗੋਂ ਪੋਤਰੇ-ਦੋਤਰੇ ਵੀ ਨਾਮਧਾਰੀ ਸਿਧਾਤਾਂ ਨਾਲ ਜੁੜੇ ਹੋਏ ਹਨ। ਮਾਤਾ ਜੀ ਦੀ ਯਾਦ ਵਿਚ ਭੋਗ 6 ਨਵੰਬਰ 2025 ਨੂੰ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਮਸਤਾਨਗੜ੍ਹ ਪਾਇਆ ਗਿਆ।



**ਸੰਪਾਦਕ**

.....................................................

## ਜਪੁ ਪ੍ਰਯੋਗ- ਬਜ਼ੀਦਪੁਰ

ਪਿੰਡ ਬਾਜ਼ੀਦਪੁਰ (ਨਵਾਂਸ਼ਹਿਰ) 'ਚ ਨਿਰੰਤਰ ਇਕਤਾਲੀ ਦਿਨਾਂ ਤੋਂ ਚੱਲ ਰਿਹਾ ਨਾਮ ਸਿਮਰਨ ਜਪੁ ਪ੍ਰਯੋਗ 5 ਅਕਤੂਬਰ ਨੂੰ ਸੱਚੇ ਪਾਤਸ਼ਾਹ ਜੀ ਦੀ ਕਿਰਪਾ ਨਾਲ ਨੇਪਰੇ ਚੜ੍ਹਿਆ। ਜਪੁ ਪ੍ਰਯੋਗ ਦੀ ਅਰੰਭਤਾ ਮਿਤੀ 26 ਅਗਸਤ ਨੂੰ ਹੋਈ ਸੀ।ਜਪੁ ਪ੍ਰਯੋਗ 'ਚ ਬੱਚਿਆਂ ਤੋਂ ਬਜ਼ੁਰਗਾਂ ਤੱਕ ਸਭ ਨੇ ਹੁਮ ਹੁਮਾ ਕੇ ਹਿੱਸਾ ਲਿਆ। ਰੋਜ਼ਾਨਾ ਸਥਾਨਕ ਜਥੇ ਵੱਲੋਂ ਆਸਾ ਦੀ ਵਾਰ ਦਾ ਕੀਰਤਨ ਕੀਤਾ ਗਿਆ। ਜਪੁ ਪ੍ਰਯੋਗ ਦੌਰਾਨ ਕਥਾ, ਦੀਵਾਨ ਅਤੇ ਬੱਚਿਆਂ ਦੇ ਵਿੱਦਿਅਕ ਮੁਕਾਬਲੇ ਵੀ ਕਰਵਾਏ ਗਏ। ਜਪੁ ਪ੍ਰਯੋਗ ਦੌਰਾਨ ਕੁਲ 19 ਸਹਿਜ ਪਾਠ,105 ਸੁਖਮਨੀ ਸਾਹਿਬ ਦੇ ਪਾਠ, 105 ਚੌਪਈ ਸਾਹਿਬ ਦੇ ਪਾਠ, 501 ਜਪੁ ਜੀ ਸਾਹਿਬ ਦੇ ਪਾਠ ਅਤੇ 101 ਚੰਡੀ ਦੀ ਵਾਰ ਦੇ ਪਾਠ ਕਰਕੇ ਭੋਗ ਪਾਏ ਗਏ।ਸੇਵਾਦਾਰਾਂ ਵੱਲੋਂ ਬਹੁਤ ਹੀ ਲਗਨ ਨਾਲ ਸੇਵਾ ਕੀਤੀ ਗਈ।

**ਹਰਸਾਹਿਬ ਸਿੰਘ ਬਜ਼ੀਦਪੁਰ**

.....................................................

## ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਮੇਲਾ- ਦਿੱਲੀ

**5 ਨਵੰਬਰ**

ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਦਿੱਲੀ ਦੀ ਸਾਧ ਸੰਗਤ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਮੇਲਾ ਮਨਾਇਆ ਗਿਆ। ਵੱਡੀ ਗਿਣਤੀ ਵਿਚ ਸਾਧ ਸੰਗਤ ਨੇ ਸਵੇਰ ਦੀ ਆਸਾ ਦੀ ਵਾਰ ਵਿੱਚ ਹਾਜ਼ਰੀ ਭਰੀ। ਰਾਗੀ ਬਲਵੰਤ ਸਿੰਘ, ਹਰਪ੍ਰੀਤ ਸਿੰਘ ਸੋਨੂੰ ਅਤੇ ਸਤਨਾਮ ਸਿੰਘ ਨੇ ਵਾਰ ਲਗਾਈ। ਸੁਵਰਨ ਸਿੰਘ ਵਿਰਕ ਨੇ ਗੁਰੂ ਨਾਨਕ




ਪਾਤਸ਼ਾਹ ਦੀਆਂ ਸਿੱਖਿਆਵਾਂ ਅਤੇ ਕਾਰਜਾਂ ਤੋਂ ਸੰਗਤਾਂ ਨੂੰ ਜਾਣੂ ਕਰਵਾਇਆ। ਸੰਤ ਨਿਸ਼ਾਨ ਸਿੰਘ ਨੇ ਵੀ ਕਥਾ ਰਾਹੀਂ ਗੁਰੂ ਨਾਨਕ ਪਾਤਸ਼ਾਹ ਦੇ ਸਿਧਾਂਤ ਦੀ ਗੱਲ ਕੀਤੀ। ਫੋਟੋਗ੍ਰਾਫਰ ਗੁਰਮੁੱਖ ਸਿੰਘ ਇਸ ਸਮੇਂ ਨੂੰ ਕੈਮਰੇ ਵਿੱਚ ਕੈਦ ਕਰਦੇ ਰਹੇ।

**ਗੁਰਭਗਤ ਸਿੰਘ**

## ਸ੍ਰੀ ਸਤਿਗੁਰੂ ਜੀ ਨੇ ਭਾਰਤ ਸਰਕਾਰ ਦੇ ਯੁਵਾ ਮਾਮਲੇ ਅਤੇ ਖੇਡ ਮੰਤਰੀ ਡਾ. ਮੰਨਸੁਖ ਐਲ. ਮਾਂਦਵੀਆ ਨਾਲ ਮੁਲਾਕਾਤ ਕੀਤੀ

12 ਨਵੰਬਰ 2025







5 ਨਵੰਬਰ 2025

## ਸ੍ਰੀ ਸਤਿਗੁਰੂ ਜੀ ਨੇ ਯੂਨੀਅਨ ਖੇਡ ਮੰਤਰੀ ਸ੍ਰੀਮਤੀ ਰਖਸ਼ਾ ਨਿਖਿਲ ਖਡਸੇ ਨਾਲ ਮੁਲਾਕਾਤ ਕੀਤੀ

Date of Publication: 21 November 2025
Date of Posting: 23 November 2025

RNI NO.55658/93
LDM/008/2021-2023

# ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਵੇਂ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਸਰਬ ਧਰਮ ਸੰਮੇਲਨ ਦੀਆਂ ਯਾਦਗਾਰੀ ਤਸਵੀਰਾਂ

1 ਨਵੰਬਰ 2025






Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi- 110015.